ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ

ਸ਼ਬਦ ਸੰਕਟ ਮੋਚਨ

(ਗੁਰਬਾਣੀ ਦੇ ਸ਼ਬਦਾਂ ਦਾ ਸੰਗ੍ਰਹਿ)

ਤਥਾ

੧੦੮ ਦੁਖ ਭੰਜਨ ਗੁਟਕਾ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ

ਇਸ ਪੁਸਤਕ ਵਿਚ ਦਿਤੇ ਹੋਏ ਸ਼ਬਦ ਮਹਾਨ ਸਫਲ ਹਨ । ਦਸੀ ਗਈ ਵਿਧੀ ਅਨੁਸਾਰ ਨੇਮ ਪੂਰਬਕ ਜਾਪ ਕਰਨ ਨਾਲ ਦੁੱਖ, ਕਲੇਸ਼, ਬਿਮਾਰੀ ਅਤੇ ਗਰੀਬੀ ਦੂਰ ਹੁੰਦੀ ਹੈ ਅਤੇ ਸੁਖ ਅਰੋਗਤਾ ਧਨ ਦੌਲਤ ਵਾਹਿਗੁਰੂ ਦੀ ਮੇਹਰ ਦਵਾਰਾ ਪ੍ਰਾਪਤ ਹੁੰਦੇ ਹਨ ।

ਸ਼ਬਦ ਸੰਗ੍ਰਹਿ ਕਰਤਾ—

ਭਗਤ ਹਰਜੀਤ ਸਿੰਘ 'ਮੌਜੀ'

(ਸੰਪ੍ਰਦਾਇ ਸੰਤ ਅਤਰ ਸਿੰਘ ਜੀ ਮਸਤੂਆਣਾ)

ਪ੍ਰਕਾਸ਼ਕ—

ਉਤਮ ਸਿੰਘ ਗੁਰਬਚਨ ਸਿੰਘ ਪੁਸਤਕਾਂ ਵਾਲੇ

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।

ਭੇਟਾ 7—00 ਰੁਪੈ

ਸੰਕਟ ਮੋਚਨ

* ਸਰਬ ਇੱਛਾ ਮੂਲ ਮੰਤਰ | ਕਾਰਜ ਦੀ ਨਿਰਵਿਘਨਤਾ ਵਾਸਤੇ
* ਸਰਬ ਕਾਰਜ ਰਾਸ ਹੋਣ | ਸਫਰ ਵਿਚ ਕਦੇ ਸੰਕਟ ਨਾ ਆਵੇ
* ਬੇਅੰਤ ਧਨ ਪ੍ਰਾਪਤ ਹੋਵੇ | *ਔੜ ਲਗੀ ਹਟੇ ਸੁਕਾਲ ਹੋਵੇ
* ਪ੍ਰਦੇਸੀ ਪਿਆਰੇ ਦਾ ਮਿਲਾਪ | *ਬਾਰਸ਼ ਹੋਵੇ ਅੰਨ ਉਪਜੇ
* ਬਿਪਤਾ ਟਲੇ | *ਵਪਾਰ ਅਰੰਭ ਕਰਨ ਲਈ
* ਦੁਕਾਨ ਅਰੰਭ ਕਰਨ ਵਾਸਤੇ | *ਲੱਛਮੀ ਦੀ ਅਤੁਟ ਪ੍ਰਾਪਤੀ
* ਵਿਛੜਿਆਂ ਦੇ ਮਿਲਾਪ ਹੋਣ | *ਚੰਗੀ ਖੇਤੀ ਦੀ ਪ੍ਰਾਪਤੀ ਲਈ
* ਕਲੇਸ਼ਾਂ ਤੋਂ ਛੁਟਕਾਰਾ | *ਘਰ ਵਿਚ ਸੁਖ ਰਹੇ
* ਦੁਖਾਂ ਦੀ ਨਵਿਰਤੀ | *ਅੱਖਾਂ ਦੀ ਜੋਤ ਵਧੇ
* ਅਦਾਲਤ ਵਿਚ ਜਿੱਤ ਪ੍ਰਾਪਤ | *ਮੋਤੀਆ ਬਿੰਦ ਹਟੇ
* ਦੁਸ਼ਮਨ ਦਾ ਡਰ ਦੂਰ ਹੋਵੇ | *ਕੁਦਰਤੀ ਸਹਾਇਤਾ ਮਿਲੇ
* ਕਲਪਨਾ ਕਲੇਸ਼ ਤੋਂ ਛੁਟਕਾਰਾ | *ਸਹੁਰੇ ਘਰ ਦੇ ਦੁਖ ਹਟਣ
* ਅਕਾਲ ਪੁਰਖ ਦੀ ਪ੍ਰਸੰਨਤਾ | *ਮੁਕੱਦਮਾ ਹੱਕ ਵਿਚ ਹੋਵੇ
* ਸਰਾਪ ਤੋਂ ਛੁਟਕਾਰਾ | *ਨਿੰਦਕ ਨੂੰ ਸਜ਼ਾ ਮਿਲੇ
* ਜ਼ਾਲਮ ਦਾ ਨਾਸ ਹੋਵੇ | *ਦਵਾਈ ਦਾ ਅਸਰ ਹੋਵੇ
* ਵਿਗੜੇ ਕਾਰਜ ਰਾਸ ਹੋਣ | *ਤੇਈਆ ਤਾਪ ਹਟੇ
* ਸੁੱਕਾ ਬਚਾ ਹਰਿਆ ਭਰਿਆ ਹੋਵੇ | *ਸਰਬ ਆਸਾਂ ਪੂਰਨ ਹੋਵਣ
* ਪਰਿਵਾਰ ਸੁਖੀ ਵਸੇ | *ਅਸਾਧ ਰੋਗ ਤੋਂ ਛੁਟਕਾਰਾ
* ਭੁਖ ਨੰਗ ਤੋਂ ਛੁਟਕਾਰਾ | *ਹੰਕਾਰੀ ਦਾ ਹੰਕਾਰ ਟੁਟੇ
* ਚਿੰਤਾ ਤੋਂ ਛੁਟਕਾਰਾ | *ਅਫਸਰ ਸਤਿਕਾਰ ਕਰਨ
* ਨੌ ਨਿਧੀਆਂ ਅਠਾਰਾਂ ਸਿਧੀਆਂ | *ਮੌਤ ਦਾ ਡਰ ਦੂਰ ਹੋਵੇ
* ਸਰੀਰ ਦੀ ਰੱਖਿਆ ਹੋਵੇ | *ਕੋਹੜ ਰੋਗ ਤੋਂ ਛੁਟਕਾਰਾ
* ਜਿਤ ਪ੍ਰਾਪਤ ਹੋਵੇ | *ਅੱਧੇ ਸਿਰ ਦੀ ਪੀੜ ਹਟੇ
* ਮਗੈਮੀ ਸਹਾਇਤਾ ਮਿਲੇ | *ਪੇਟ ਦਰਦ ਫੋਰਨ ਹਟੇ

੧ੴ ਸਤਿਗੁਰ ਪ੍ਰਸਾਦਿ ॥

ਪਾਠ ਅਰੰਭ ਕਰਨ ਤੋਂ ਪਹਿਲਾ

ਦੁਖ ਨਿਵਾਰਨ ਦੀ ਵਿਧੀ

ਸ਼ਰਧਾ ਪੂਰਨ ਦਾ ਮਹਾਤਮ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਿਨ੍ਹਾਂ ਦਾ ਕਲਯੁਗ ਵਿਚ ਅਟੱਲ ਰਾਜ ਹੈ, ਜਿਨ੍ਹਾਂ ਦੀ ਸ਼ਰਨ ਪਿਆਂ ਕੋਈ ਦੁੱਖ ਨੇੜੇ ਨਹੀਂ ਆਉਂਦਾ।

ਸ਼ਬਦ ਦਾ ਜਾਪ ਅੰਮ੍ਰਿਤ ਵੇਲੇ ਅਸ਼ਨਾਨ ਕਰਕੇ ਅਰਦਾਸ ਕਰਕੇ ਅਰੰਭ ਕਰਨਾ ਹੈ, ਇਕ ਸ਼ਬਦ ਹਰ ਰੋਜ਼ ੧੦੮ ਵਾਰੀ ਕਰਨਾ ਹੈ। ਹਰ ਰੋਜ ਜਾਪ ਤੋਂ ਬਾਅਦ ਅਰਦਾਸ ਕਰਨੀ ਹੈ।

ਸ਼ਬਦ ਦਾ ਜਾਪ ਨੰਗੇ ਸਿਰ ਨਹੀਂ ਕਰਨਾ, ਚੌਕੜਾ ਮਾਰਕੇ ਕਰਨਾ ਹੈ, ਦਸਾਂ ਨੌਂਹਾਂ ਦੀ ਕਮਾਈ ਚੋਂ ਹਫਤੇ ਬਾਦ ਜਾਂ ਮਹੀਨੇ ਬਾਅਦ ਗੁਰੂ ਦਰਬਾਰ ਦਸਵੰਧ ਦੇਣਾ ਹੈ- ਮਾਸ (ਝਟਕਾ) ਨਹੀਂ ਖਾਣਾ, ਤੇ ਸ਼ਰਾਬ ਨਹੀਂ ਪੀਣੀ, ਕਿਉਂਕਿ ਇਹ ਚੀਜ਼ਾਂ ਸਿਮਰਨ ਲਈ ਹਾਨੀ ਕਾਰਨ ਹਨ—

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਤੇ ਪੂਰਨ ਸ਼ਰਧਾ, ਭਰੋਸਾ ਰਖਣਾ ਹੈ, ਸਤਿਗੁਰੂ ਮਹਾਰਾਜ ਲੋਕ ਪ੍ਰਲੋਕ ਦਾ ਸੁਖ ਬਖਸ਼ਣਗੇ ਤੇ ਮਨੋ-ਕਾਮਨਾਂ ਪੂਰੀਆਂ ਕਰਨਗੇ ।

ਨੋਟ—ਹੋਰ ਜਾਣਕਾਰੀ ਲਈ ਹੇਠ ਲਿਖੇ ਪਤੇ ਤੇ ਚਿਠੀ ਪੱਤਰ ਕਰੋ ਜਾਂ ਹਰ ਪੂਰਨਮਾਸ਼ੀ ਨੂੰ ਸਵੇਰੇ 9 ਤੋਂ 11 ਤਕ ਦਰਸ਼ਨ ਦੇਕੇ ਮਨ ਦੀ ਸ਼ਾਂਤੀ ਪ੍ਰਾਪਤ ਕਰੋ ।

ਸੰਗਤਾਂ ਦਾ ਦਾਸ—

ਭਗਤ ਹਰਜੀਤ ਸਿੰਘ 'ਮੌਜੀ'

(ਸੇਵਕ ਸੰਤ ਸਿਪਾਹੀ ਸੰਤ ਬਾਬਾ ਨਿਰੰਜਨ ਸਿੰਘ ਜੀ)

109, ਪਵਨ ਨਗਰ, ਕਾਂਗੜਾ ਕਲੋਨੀ,

ਅੰਮ੍ਰਿਤਸਰ ।

ਸਰਬ ਇੱਛਾ ਪੂਰਕ ਮਹਾਂ ਮੂਲ ਮੰਤ੍

(ਪੰਨਾ ੧)

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥

ਇਸ ਮਹਾਂ ਮੰਤ੍ ਦਾ ੫ ਮਾਲਾ ਪਾਠ ਹਰ ਰੋਜ਼ ਮ੍ਰਯਾਦਾ ਅਨੁਸਾਰ ਕਰਨ ਨਾਲ ਹਰ ਪ੍ਰਕਾਰ ਦੇ ਮਨ ਇੱਛਤ ਪਦਰਥਾਂ ਦੀ ਪ੍ਰਾਪਤੀ ਹੁੰਦੀ ਹੈ ਤਥਾ ਸਾਧ ਅਸਾਧ ਰੋਗਾਂ ਤੋਂ ਨਵਿਰਤੀ ਪਾਕੇ ਸੁਖੀ ਜੀਵਨ ਪ੍ਰਾਪਤ ਹੁੰਦਾ ਹੈ ।

ਸ਼ਬਦ ਨੰਬਰ ੨ (ਪੰਨਾ ੩)

ਸਰਬ ਕਾਰਜ ਰਾਸ ਹੋਵਣ

ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ॥ ਪੰਚੇ ਸੋਹਹਿ ਦਰ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥ ਜੇਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ ॥ ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ॥ ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ ਜੀਅ ਜਾਤਿ ਰੰਗਾ ਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ॥ ਏਹੁ ਲੇਖਾ ਲਿਖਿ ਜਾਣੈ ਕੋਇ॥ ਲੇਖਾ ਲਿਖਿਆ ਕੇਤਾ ਹੋਇ॥ ਕੇਤਾ ਤਾਣੁ ਸੁਆਲਿਹੁ ਰੂਪੁ॥ ਕੇਤੀ ਦਾਤਿ ਜਾਣੈ ਕੌਣੁ ਕੂਤੁ॥ ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੬॥

ਇਸ ਸ਼ਬਦ ਦਾ ੧੦੮ ਪਾਠ ਰੋਜ਼ਾਨਾ ੪੧ ਦਿਨ ਮਰਯਾਦਾ ਪੂਰਬਕ ਕਰਨ ਨਾਲ ਸਰਬ ਕਾਰਜ ਰਾਸ ਹੋਵਣਗੇ ।

ਸ਼ਬਦ ਨੰਬਰ ੩ (ਪੰਨਾ ੨੮)

ਮਾਇਆ ਦਾ ਵਾਧਾ ਹੋਵੇ

ਸਿਰੀ ਰਾਗੁ ਮਹਲਾ ੩ ॥

ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ॥ ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ ॥ ਗੁਰਿ ਪੂਰੈ ਹਰਿ ਨਾਮੁ ਦਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ ॥੧॥ ਭਾਈ ਰੇ ਇਸੁ ਮਨ ਕਉ ਸਮਝਾਇ॥ ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ॥੧॥ ਰਹਾਉ॥ ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥ ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥ ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥ ੨ ॥ ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿਧਾਰਿ ॥ ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥ ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ ॥੩॥ ਕਰਮਿ ਮਿਲੈ ਤਾ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥ ਲਖ ਚਉਰਾਸੀਹ ਤਰਸਦੇ ਜਿਸੁ ਮੇਲੇ ਸੋ ਮਿਲੈ ਹਰਿ ਆਇ ॥ ਨਾਨਕ ਗੁਰਮੁਖਿ ਹਰਿ ਪਾਇਆ ਸਦਾ ਹਰਿ ਨਾਮਿ ਸਮਾਇ ॥੪॥੬॥੩੯॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰੋ, ਮਿੱਟੀ ਤੋਂ ਸੋਨਾ ਬਣੇ।

ਸ਼ਬਦ ਨੰਬਰ ੪ (ਪੰਨਾ ੨੯)

ਬੇਅੰਤ ਧਨ ਪ੍ਰਾਪਤ ਹੋਵੇ

ਸਿਰੀ ਰਾਗੁ ਮਹਲਾ ੩ ॥

ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ॥ ੧॥ ਨਾਮੁ ਨਿਧਾਨੁ ਅਖੁਟ ਹੈ ਵਡਭਾਗਿ ਪਰਾਪਤਿ ਹੋਇ॥੧॥ ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ॥ ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ ॥੧॥ ਰਹਾਉ ॥ ਗੁਰਮੁਖਾ ਕੇ ਮੁਖ ਉਜਲੇ ਗੁਰਸਬਦੀ ਬੀਚਾਰਿ ॥ ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ॥ ਘਰ ਹੀ ਵਿਚਿ ਮਹਲੁ ਪਾਇਆ ਗੁਰਸਬਦੀ ਬੀਚਾਰਿ॥ ਸਤਿਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ॥ ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮਜਾਲੇ ॥ ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥੩॥ ਸਭਨਾ ਕਾ ਦਾਤਾ ਏਕੁ ਹੈ ਆਪੇ ਬਖਸ ਕਰੇਇ ॥ ਕਹਣਾ ਕਿਛੁ ਨ ਜਾਵਈ ਜਿਸੁ ਭਾਵੈ ਤਿਸੁ ਦੇਇ ॥ ਨਾਨਕ ਗੁਰਮੁਖਿ ਪਾਈਐ ਆਪੇ ਜਾਣੈ ਸੋਇ ॥੪॥੯॥੪੨॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਮਰਯਾਦਾ ਅਨੁਸਾਰ ਕਰਨ ਨਾਲ ਯਕੀਨਨ ਧਨਵਾਨ ਬਣੋਗੇ ।

ਸ਼ਬਦ ਨੰਬਰ ੫ (ਪੰਨਾ ੨੨)

ਦੁਕਾਨ ਆਰੰਭ ਕਰਨ ਵਾਸਤੇ

ਸਿਰੀ ਰਾਗੁ ਮਹਲਾ ੧ ॥

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥ ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥ ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ॥੧॥ ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥ ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ॥੧॥ਰਹਾਉ॥ ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ॥ ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥ ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ॥੨॥ ਖੋਟੇ ਪੋਤੈ ਨ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ॥ ਖੋਟੇ ਜਾਤਿ ਨ ਪਤਿ ਹੈ ਖੋਟਿ ਸੀਝਸਿ ਕੋਇ॥ ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ॥੩॥ ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ॥ ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥ ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥੪॥੨੩॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰ ਲੈਣ ਨਾਲ ਦੁਕਾਨ ਪਰ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਹੋਵੇ ।

ਸ਼ਬਦ ਨੰਬਰ ੪ (ਪੰਨਾ ੨੫)

ਪ੍ਰਦੇਸ ਗਏ ਪਿਆਰੇ ਦਾ ਮਿਲਾਪ ਹੋਵੇ

ਸਿਰੀ ਰਾਗੁ ਮਹਲਾ ੧ ॥

ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ॥ਕਿਉ ਦਰਗਹਿ ਪਤਿ ਪਾਈਐ ਜਾ ਹਰਿ ਨ ਵਸੈ ਮਨਿ ਮਾਹਿ॥ ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ॥੧॥ਮਨ ਰੇ ਅਹਿਨਿਸਿ ਹਰਿ ਗੁਣ ਸਾਰਿ ॥ ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ॥੧॥ਰਹਾਉ॥ ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ॥ ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ॥੨॥ ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ॥ ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥ ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥ ੩ ॥ ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥ ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥ ਨਾਨਕ ਸਤਿਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥੪॥੨੦॥

ਵਿਧੀ ਅਨੁਸਾਰ ੧੦੮ ਪਾਠ ੪੧ ਦਿਨ ਕਰੋ । ਸਮੁੰਦਰੋਂ ਪਾਰ ਬੈਠੇ ਪਿਆਰੇ ਦੇ ਹਿਰਦੇ ਵਿਚ ਤੜਪ ਉਪਜੇ ਤੇ ਕੁਝ ਦਿਨਾਂ ਦੇ ਅੰਦਰ ਮੇਲ ਹੋਵੇ ।

ਸ਼ਬਦ ਨੰਬਰ ੭ (ਪੰਨਾ ੭੦)

ਹਰ ਪ੍ਰਕਾਰ ਦੀ ਬਿਪਤਾ ਟਲੇ

ਸਿਰੀ ਰਾਗੁ ਮਹਲਾ ੫ ॥

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥ ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥ ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥ ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥ ੧॥ ਸਾਹਿਬੁ ਨਿਤਾਣਿਆ ਕਾ ਤਾਣੁ ॥ ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ ॥ ੧ ॥ ਰਹਾਉ ॥

ਇਹ ਗੁਰ ਸ਼ਬਦ ਸਿਧ ਕੀਤਾ ਹੋਇਆ ਹੈ, ਜੋ ਪ੍ਰੇਮੀ ਇਕ ਚਿਤ ਹੋਕੇ ਇਸਦਾ ੪੧ ਦਿਨ ੧੦੮ ਪਾਠ ਕਰ ਲਵੇ, ਉਸਦੇ ਸਭ ਸੰਕਟ ਨਿਵਿਰਤ ਹੋ ਜਾਣਗੇ

ਸ਼ਬਦ ਨੰਬਰ ੪ (ਪੰਨਾ ੪੮)

ਬੇਅੰਤ ਮਾਇਆ ਪ੍ਰਾਪਤ ਹੋਵੇ

ਸਿਰੀ ਰਾਗੁ ਮਹਲਾ ੫ ॥

ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥ ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ॥੧॥ ਮਨੁ ਮੇਰੇ ਰਾਮ ਨਾਮੁ ਜਪਿ ਜਾਪੁ ॥ ਮਨ ਇਛੇ ਫਲ ਭੁੰਚਿ ਤੂ ਸਭੁ ਚੂਕੈ ਸੋਗੁ ਸੰਤਾਪੁ ॥੧॥ਰਹਾਉ॥ਜਿਸ ਕਾਰਣਿ ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ ॥ ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ ॥੨॥ ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ। ਚਰਣ ਭਜੇ ਪਾਰਬ੍ਰਹਮੁ ਕੇ ਸਭਿ ਜਪ ਤਪ ਤਿਨ ਹੀ ਕੀਤਿ ॥੩॥ ਰਤਨ ਜਵਾਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ ॥ ਸੂਖ ਸਹਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ ॥੪॥੧੭॥੮੭॥

ਵਿਧੀ ਅਨੁਸਾਰ ੧੦੮ ਪਾਠ ੪੧ ਦਿਨ ਕਰਨ ਨਾਲ ਬੇਅੰਤ ਮਾਇਆ ਪ੍ਰਾਪਤ ਹੋਵੇ ।

ਸ਼ਬਦ ਨੰਬਰ ੯ (ਪੰਨਾ ੧੪)

ਉਮਰ ਵਧਾਉਣ ਵਾਸਤੇ ਅਚੁਕ ਮੰਤ੍ਰ

ਸਿਰੀ ਰਾਗੁ ਮਹਲਾ ੧ ॥

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥ ਚੰਦ ਸੂਰਜ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੧॥ ਸਾਚਾ ਨਿਰੰਕਾਰ ਨਿਜ ਥਾਇ ॥ ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ਰਹਾਉ॥ ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੨॥ ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥ ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੩॥ ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥ ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰੋ, ਪੱਛਮ ਵਲ ਮੂੰਹ ਕਰਕੇ ਚੌਂਕੜੀ ਮਾਰਕੇ ਬੈਠੋ, ਆਯੂ ਵਿਚ ਵਾਧਾ ਹੋਵੇ ।

ਸ਼ਬਦ ਨੰਬਰ ੧੦ (ਪੰਨਾ ੭)

ਵਿਛੜਿਆਂ ਦੇ ਮਿਲਾਪ ਹੋਣ

ਸਿਰੀ ਰਾਗੁ ਮਹਲਾ ੧ ॥

ਆਵਹੁ ਭੈਣੇ ਗਲਿ ਮਿਲਹਿ ਅੰਕਿ ਸਹੇਲੜੀਆਹ ॥ ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥ ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥ ੧ ॥ ਕਰਤਾ ਸਭੁ ਕੋ ਤੇਰੈ ਜੋਰਿ ॥ ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥ ੧ ॥ ਰਹਾਉ ॥ ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥ ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥ ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥ ੨ ॥ ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ॥ ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ ॥ ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ ॥੩ ॥ ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ ॥ ਸੁਰਤਿ ਹੋਵੈ ਪਤਿ ਉਗਵੈ ਗੁਰ ਬਚਨੀ ਭਉ ਖਾਇ ॥ ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ॥ ੪ ॥ ੧੦ ॥

ਵਿਧੀ ਅਨੁਸਾਰ ੧੦੮ ਪਾਠ ੪੧ ਦਿਨ ਕਰਨ ਨਾਲ ਦੂਸਰੇ ਮੁਲਕਾਂ ਵਿਚ ਗਏ ਹੋਏ ਸੱਜਣ ਅਵੱਸ਼ ਮਿਲਣ, ਨਿਸਚਾ ਰਖੋ।

ਸ਼ਬਦ ਨੰਬਰ ੪ (ਪੰਨਾ ੪੮)

ਕਲੇਸ਼ਾਂ ਤੋਂ ਛੁਟਕਾਰਾ ਹੋਵੇ

ਸਿਰੀ ਰਾਗੁ ਮਹਲਾ ੫ ॥

ਮਿਲਿ ਸਤਿਗੁਰ ਸਭੁ ਦਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥ ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥ ਮਿਲਿ ਸਾਧੂ ਮੁਖੁ ਊਜਲਾ ਪੂਰਬਿ ਲਿਖਿਆ ਪਾਇ ॥ ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ ॥੧ ॥ ਮੇਰੇ ਮਨ ਗੁਰਸਬਦੀ ਸੁਖੁ ਹੋਇ ॥ ਗੁਰ ਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ ॥੧॥ ਰਹਾਉ॥ਮਨ ਕੀਆ ਇਛਾਂਪੂਰੀਆਂ ਪਾਇਆਨਾਮੁ ਨਿਧਾਨੁ॥ਅੰਤਰ ਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ॥ਗੁਰਪਰਸਾਦੀਮੁਖੁ ਉਜਲਾ ਜਪਿ ਨਾਮੁ ਦਾਨੁ ਇਸਨਾਨੁ।ਕਾਮਕ੍ਰੋਧੁ ਲੋਭੁ ਬਿਨਾ ਸਿਆਤਜਿਆ ਸਭੁ ਅਭਿਮਾਨੁ।੨।ਪਾਇਆ ਲਾਹਾ ਲਾਭੁ ਨਾਂਮੁ ਪੂਰਨ ਹੋਏ ਕਾਮ। ਕਰਿ ਕਿਰਪਾ ਪ੍ਰਭਿ ਮੇਲਿਆਦੀਆਆਪਣਾ ਨਾਮੁ ॥ਆਵਣਜਾਣਾ ਰਹਿ ਗਇਆ ਆਪਿ ਹੋਆ ਮਿਹਰਵਾਨੁ ॥ ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ॥ ੩। ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥ ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣਿ ਸਾਰਿ ॥ ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ ॥ ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ ॥੪ ॥੧੧॥ ੮੧।

ਵਿਧੀ ਅਨੁਸਾਰ ੧੦੮ ਪਾਠ ੪੧ ਦਿਨ ਕਰੋ ਸਭ ਦੁਖ, ਕਲੇਸ਼, ਆਧੀ, ਬਿਆਧੀ ਉਪਾਧੀ ਸਭ ਦੂਰ ਰਹਿਣ ਤੇ ਸੁਖ ਮਿਲੇ।

ਪੰਨਾ ੪੪ ਸ਼ਬਦ ਨੰਬਰ ੧੨

ਦੁਖਾਂ ਦੀ ਨਵਿਰਤੀ ਹੋਵੇ

ਰਾਗੁ ਸਿਰੀ ਮਹਲਾ ੫ ॥

ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ ॥ ਤਿਸ ਹੀ ਕੀ ਕਰਿ ਆਸ ਮਨ ਜਿਸ ਕਾ ਸਭਸੁ ਵੇਸਾਹ । ਸਭਿ ਸਿਆਣਪਾ ਛਡਿ ਕੈ ਗੁਰ ਕੀ ਚਰਣੀ ਪਾਹੁ ॥ ੧ ॥ ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ ॥ ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਬਿੰਦ ਨਿਤ ਗਾਉ ॥ ੧ ॥ ਰਹਾਉ ॥ ਤਿਸਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ ॥ ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ ॥ ਸਦਾ ਸਦਾ ਕਰਿ ਚਾਕਰੀ ਪ੍ਰਭ ਸਾਹਿਬੁ ਸਚਾ ਸੋਇ ॥ ੨ ॥ ਸਾਧ ਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ ॥ ਸੁਖੁ ਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥ ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ ॥ ੩ ॥ ਬਹੁਤੋ ਬਹੁਤੁ ਵਖਾਣੀਐ ਊਚੋ ਊਚਾ ਥਾਉ ॥ ਵਰਨਾ ਚਿਹਨਾਂ ਬਾਹਰਾ ਕੀਮਤਿ ਕਹਿ ਨ ਸਕਾਉ ॥ ਨਾਨਕ ਕਉ ਪ੍ਰਭ ਭਇਆ ਕਰਿ ਸਚੁ ਦੇਵਹੁ ਅਪੁਣਾ ਨਾਉ ॥ ੪ ॥ ੭ ॥ ੭੭ ॥

ਇਸ ਸ਼ਬਦ ਦਾ ੧੦੩ ਪਾਠ ੪੧ ਦਿਨ ਕਰਨ ਨਾਲ ਮਨ ਦੇ ਕਲੇਸ਼ ਮਿਟਣ ਤੇ ਆਤਮਾਂ ਨੂੰ ਸ਼ਾਂਤੀ ਮਿਲੇ ।

ਸ਼ਬਦ ਨੰਬਰ ੧੩ (ਪੰਨਾ ੧੮੫)

ਪੂੰਜੀ ਦਾ ਵਾਧਾ ਹੋਵੇ

ਗਉੜੀ ਗੁਆਰੇਰੀ ਮਹਲਾ ੫ ॥

ਹਮ ਧਨਵੰਤ ਭਾਗਠ ਸਚ ਨਾਇ॥ਹਰਿਗੁਣ ਜਾਵਹ ਸਹਜਿ ਸੁਭਾਇ ॥੧॥ ਰਹਾਉ ॥ ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥ ੨ ॥ ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥ ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈਵਧਦੋਜਾਈ॥੩॥ ਕਹੁਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥ ਸੁ ਏਤੁ ਖਜਾਨੈ ਲਇਆ ਰਲਾਇ ॥੪॥੩੧॥੧੦੦॥

ਇਸ ਸ਼ਬਦ ਦੇ ੧੦੮ ਪਾਠ ੪੧ ਦਿਨ ਕਰਕੇ ਦੁਕਾਨ ਵਿਚ ਰੁਪੱਯਾ ਪਾਕੇ ਦੁਕਾਨ ਖੋਲ੍ਹੇ। ਦੁਕਾਨ ਵਿਚ ਦਿਨ ਬਦਿਨ ਪੂੰਜੀ ਦਾ ਵਾਧਾ ਹੋਵੇ।

ਸ਼ਬਦ ਨੰਬਰ ੨ (ਪੰਨਾ ੩)

ਅਦਾਲਤ ਵਿਚ ਜਿੱਤ ਪ੍ਰਾਪਤ ਹੋਵੇ

ਗਉੜੀ ਮਹਲਾ ੫ ॥

ਜਾ ਕਉ ਤੁਮ ਭਏ ਸਮਰਥ ਅੰਗਾ ॥ ਤਾਕਉ ਕਛੁ ਨਾਹੀ ਕਾਲੰਗਾ ॥੧॥ ਮਾਧਉ ਜਾ ਕਉ ਹੈ ਆਸ ਤੁਮਾਰੀ॥ ਤਾ ਕਉ ਕਛੁ ਨਾਹੀ ਸੰਸਾਰੀ ॥੧॥ ਰਹਾਉ ॥ ਜਾ ਕੇ ਹਿਰਦੇ ਠਾਕੁਰੁ ਹੋਇ ॥ ਤਾਕਉ ਸਹਸਾ ਨਾਹੀ ਕੋਇ ॥ ੧ ॥ ਜਾ ਕਉ ਤੁਮ ਦੀਨੀ ਪ੍ਰਭ ਧੀਰ ॥ ਤਾ ਕੈ ਨਿਕਟਿ ਨ ਆਵੈ ਪੀਰ॥੩॥ ਕਹੁ ਨਾਨਕ ਮੈ ਸੋ ਗੁਰੁ ਪਾਇਆ ॥ ਪਾਰਬ੍ਰਹਮ ਪੂਰਨ ਦੇਖਾਇਆ ॥੪॥੪੧॥੧੧੦॥

ਇਸ ਸਬਦ ਦੇ ੧੦੮ ਪਾਠ ੪੧ ਦਿਨ ਕਰਕੇ ਅਦਾਲਤ ਵਿਚ ਜਾਓ, ਜਾਂਦਿਆਂ ਸਾਰ ਮੁਕੱਦਮਾ ਤੁਹਾਡੇ ਹੱਕ ਵਿਚ ਹੋਵੇ।

ਸ਼ਬਦ ਨੰਬਰ ੧੫ ॥ (ਪੰਨਾ ੧੯੦)

ਦੁਸ਼ਮਨ ਦਾ ਡਰ ਦੂਰ ਹੋਵੇ

ਗਉੜੀ ਮਹਲਾ ੫ ॥

ਰਾਖਿ ਲੀਆ ਗੁਰਿ ਪੂਰੈ ਆਪਿ ॥ ਮਨਮੁਖ ਕਉ ਲਾਗੋ ਸੰਤਾਪੁ ॥ ੧ ॥ ਗੁਰੂ ਗੁਰੂ ਜਪਿ ਮੀਤ ਹਮਾਰੇ ॥ ਮੁਖ ਊਜਲ ਹੋਵਹਿ ਦਰਬਾਰੇ ॥ ੧ ॥ ਰਹਾਉ ॥ ਗੁਰ ਕੇ ਚਰਣ ਹਿਰਦੈ ਵਸਾਇ ॥ ਦੁਖ ਦੁਸਮਨ ਤੇਰੀ ਹਤੈ ਬਲਾਇ ॥ ੨ ॥ ਗੁਰ ਕਾ ਸਬਦੁ ਤੇਰੈ ਸੰਗਿ ਸਹਾਈ ॥ ਦਇਆਲ ਭਏ ਸਗਲੇ ਜੀਅ ਭਾਈ ॥੩॥ ਗੁਰਿ ਪੂਰੈ ਜਬ ਕਿਰਪਾ ਕਰੀ ॥ ਭਨਤਿ ਨਾਨਕ ਮੇਰੀ ਪੂਰੀ ਪਰੀ ॥੪॥੫੪॥੧੨੩॥

ਨੇਮ ਅਨੁਸਾਰ ੧੦੮ ਪਾਠ ੪੧ ਦਿਨ ਕਰ ਲਓ ਫੌਜ ਦੁਸ਼ਮਨ ਦੂਤੀ ਤੋਂ ਨਿਡਰ ਹੋ ਜਾਓ, ਉਹ ਤੁਹਾਡਾ ਵਾਲ ਵਿੰਗਾ ਨਹੀਂ ਕਰ ਸਕੇਗਾ।

ਸ਼ਬਦ ਨੰਬਰ ੧੬ (ਪੰਨਾ ੧੯੧)

ਕਲਪਨਾ ਕਲੇਸ਼ਾਂ ਤੋਂ ਛੁਟਕਾਰਾ ਹੋਵੇ

ਗਉੜੀ ਮਹਲਾ ੫ ॥

ਕਲਿ ਕਲੇਸ ਗੁਰ ਸਬਦਿ ਨਿਵਾਰੇ॥ਆਵਣ ਜਾਣ ਰਹੇ ਸੁਖ ਸਾਰੇ ॥ ੧॥ ਭੈ ਬਿਨਸੇ ਨਿਰਭਉ ਹਰਿ ਧਿਆਇਆ ॥ ਸਾਧ ਸੰਗਿ ਹਰਿ ਕੇ ਗੁਣ ਗਾਇਆ ॥ ੧ ॥ ਰਹਾਉ ॥ ਚਰਨ ਕਵਲ ਰਿਦ ਅੰਤਰਿ ਧਾਰੇ ॥ ਅਗਨਿ ਸਾਗਰ ਗੁਰਿ ਪਾਰਿ ਉਤਾਰੇ ॥ ੨ ॥ ਬੂਡਤ ਜਾਤੇ ਪੂਰੇ ਗੁਰਿ ਕਾਢੇ ॥ ਜਨਮ ਜਨਮ ਕੇ ਟੂਟੇ ਗਾਢੇ ॥੩॥ ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥ ਜਿਸੁ ਭੇਟਤ ਗਤਿ ਭਈ ਹਮਾਰੀ ॥ ੪ ॥ ੫੬ ॥ ੧੨੫ ॥

ਰਿਸ਼ਤੇਦਾਰਾਂ ਤੇ ਘਰਦਿਆਂ ਦੇ ਕਲੇਸ਼ਾਂ ਤੋਂ ਨਵਿਰਤੀ ਵਾਸਤੇ ੧੦੮ ਪਾਠ ੪੧ ਦਿਨ ਵਿਧੀ ਅਨੁਸਾਰ ਕਰ ਲਓ ॥ ਫੇਰ ਦੇਖੋ ਘਰ ਅਨੰਦ ਹੀ ਆਨੰਦ ਹੋ ਜਾਵੇਗਾ ।

ਸ਼ਬਦ ਨੰਬਰ ੧੭ (ਪੰਨਾ ੬੬੩)

ਅਕਾਲ ਪੁਰਖ ਦੀ ਪ੍ਰਸੰਨਤਾ ਤੇ ਸਰਬ ਪਦਾਰਥਾਂ ਦੀ ਪ੍ਰਾਪਤੀ

ਰਾਗੁ ਧਨਾਸਰੀ ਮਹਲਾ ੧ ॥ ਆਰਤੀ

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਤਾਰਿਕਾ ਬਨੇ ਮੰਡਲ ਜਨਕ ਮੋਤੀ ॥ ਧੂਪ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥ ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ॥੧॥ਰਹਾਉ॥ ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥ ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਕੈ ਚਾਨਣਿ ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥ ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹੀ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥

੧੦੮ ਦਿਨ ਸੁਬ੍ਹਾ ੪੧ ਦਿਨ ਮਰਯਾਦਾ ਅਨੁਸਾਰ ਪਾਠ ਕਰਨ ਨਾਲ ਸਾਰੇ ਪਦਾਰਥਾਂ ਦੀ ਨਿਸਚੇ ਪ੍ਰਾਪਤੀ ਹੋਵੇ

ਸ਼ਬਦ ਨੰਬਰ ੧੮ (ਪੰਨਾ ੪੯੫)

ਮਾਇਆ ਦੀ ਬੇਅੰਤ ਪ੍ਰਾਪਤੀ ਹੋਵੇ

ਰਾਗੁ ਗੁਜਰੀ ਮਹਲਾ ੫ ॥

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥ਸੈਲ ਪਥਰ ਮਹਿ ਜੰਤਉਪਾਏ ਤਾਕਾ ਰਿਜਕੁ ਆਗੈ ਕਰਿ ਧਰਿਆ੧। ਮੇਰੇ ਮਾਧਉ ਜੀ ਸਤ ਸੰਗਤਿ ਮਿਲੇ ਸਿ ਤਰਿਆ॥ਗੁਰਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥ ੧॥ ਰਹਾਉ ॥ ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸਕੀ ਧਰਿਆ॥ ਸਿਰਿ ਸਿਰਿ ਰਿਜਕੁ ਸੰਬਾਹੇ ਠਾਕਰੁ ਕਾਹੇ ਮਨ ਭਉ ਕਰਿਆ॥੨॥ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥ ਉਨਿ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥੩॥ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ॥ ਜਨ ਨਾਨਕ ਬਲ ਬਲਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ।੪॥੧॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਪੂਰਬ ਵਲ ਮੂੰਹ ਕਰਕੇ ਮਰਯਾਦਾ ਅਨੁਸਾਰ ਕਰਨ ਨਾਲ ਮਾਇਆ ਦੀ ਬੇਅੰਤ ਪ੍ਰਾਪਤੀ ਹੋਵੇ ।

ਸ਼ਬਦ ਨੰਬਰ ੧੯ (ਪੰਨਾ ੧੯੩)

ਸਰਾਪ ਤੋਂ ਛੁਟਕਾਰਾ ਹੋਵੇ

ਗਉੜੀ ਮਹਲਾ ੫ ॥

ਹਰਿ ਸਿਮਰਤ ਤੇਰੀ ਜਾਇ ਬਲਾਇ ॥ ਸਰਬ ਕਲਿਆਨ ਵਸੈ ਮਨਿ ਆਇ ॥ ੧ ॥ ਭਜੁ ਮਨ ਮੇਰੇ ਏਕੋ ਨਾਮ ॥ਜੀਅ ਤੇਰੇ ਕੈ ਆਵੈਕਾਮ ॥੧ ॥ ਰਹਾਉ ॥ ਰੈਣਿ ਦਿਣਸੁ ਗੁਣ ਗਾਉ ਅਨੰਤਾ ॥ ਗੁਰਪੂਰੇਕਾ ਨਿਰਮਲ ਮੰਤਾ॥੨॥ ਛੋਡਿ ਉਪਾਵਏਕ ਟੇਕ ਰਾਖੁ ॥ ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖੁ ॥੩॥ ਬਿਖਮ ਸਾਗਰੁ ਤੇਈ ਜਨ ਤਰੇ ॥ ਨਾਨਕ ਜਾ ਕਉ ਨਦਰਿ ਕਰੇ ॥ ੪ ॥ ੬੮ ॥ ੧੩੭ ॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਕਿਸੇ ਗੁਰੂ ਕੋਲੋਂ ਸਰਾਪ ਮਿਲ ਗਿਆ ਹੋਵੇ। ਇਸ ਦੇ ਕਰਨ ਨਾਲ ਸਰਾਪ ਤੋਂ ਮੁਆਫੀ ਮਿਲੇਗੀ।

ਸ਼ਬਦ ਨੰਬਰ ੨੦ (ਪੰਨਾ ੧੯੯)

ਜ਼ਾਲਮ ਦਾ ਨਾਸ ਹੋਵੇ

ਗਉੜੀ ਮਹਲਾ ੫ ॥

ਗਰੀਬਾ ਉਪਰਿ ਜਿ ਖਿੰਜੈ ਦਾੜੀ ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥੧॥ ਪੂਰਾ ਨਿਆਉ ਕਰੇ ਕਰਤਾਰੁ ॥ ਅਪੁਨੇ ਦਾਸ ਕਉ ਰਾਖਨਹਾਰੁ ॥ ੧ ॥ ਰਹਾਉ ॥ ਆਦਿ ਜੁਗਾਦਿ ਪ੍ਰਗਟਿ ਪਰਤਾਪੁ ॥ ਨਿੰਦਕੁ ਮੁਆ ਉਪਜਿ ਵਡ ਤਾਪੁ ॥੨॥ ਤਿਨਿ ਮਾਰਿਆ ਜਿ ਰਖੈ ਨ ਕੋਇ ॥ ਆਗੈ ਪਾਛੈ ਮੰਦੀ ਸੋਇ ॥੩॥ ਅਪੁਨੇ ਦਾਸ ਰਾਖੇ ਕੰਠਿ ਲਾਇ ॥ ਸਰਣਿ ਨਾਨਕ ਹਰਿ ਨਾਮੁ ਧਿਆਇ ॥੪॥੯੮॥੧੬੭॥

ਜੇ ਕੋਈ ਦੁਸ਼ਟ ਆਦਮੀ ਤੁਹਾਡਾ ਘਾਤਕ ਬਣਿਆ ਹੋਵੇ ਤਾਂ ਪੱਛਮ ਵਲ ਮੂੰਹ ਕਰਕੇ ੪੧ ਦਿਨ ੧੦੮ ਪਾਠ ਰੋਜ਼ ਨੇਮ ਅਨੁਸਾਰ ਕਰਨ ਨਾਲ ਉਸ ਦੁਸ਼ਟ ਦਾ ਨਾਸ ਹੋਵੇ ।

ਸ਼ਬਦ ਨੰਬਰ ੨੧ (ਪੰਨਾ ੧੦੬)

ਸੰਸਾਰਕ ਸੁਖ ਮਿਲਣ ਤੇ ਅਨੰਦ ਹੋਵੇ

ਮਾਝ ਮਹਲਾ ੫ ॥

ਸਭੇ ਸੁਖ ਭਏ ਪ੍ਰਭ ਤੁਠੇ ॥ ਗੁਰ ਪੂਰੇ ਕੇ ਚਰਣ ਮਨਿ ਵੁਠੇ ॥ ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥੧॥ ਅਗਮ ਅਗੋਚਰੁ ਸਾਹਿਬੁ ਮੇਰਾ ॥ ਘਟ ਘਟ ਅੰਤਰਿ ਵਰਤੈ ਨੇਰਾ ॥ ਸਦਾ ਅਲਿਪਤੁ ਜੀਆ ਕਾ ਦਾਤਾ ਕੋ ਵਿਰਲਾ ਆਪੁ ਪਛਾਣੈ ਜੀਉ ॥੨॥ ਪ੍ਰਭ ਮਿਲਣੈ ਕੀ ਏਹ ਨੀਸਾਣੀ ॥ ਮਨਿ ਇਕੋ ਸਚਾ ਹੁਕਮੁ ਪਛਾਨੀ ॥ ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥ ੩ ॥ ਹਥੀ ਦਿਤੀ ਪ੍ਰਭਿ ਦੇਵਣਹਾਰੈ ॥ ਜਨਮ ਮਰਣ ਰੋਗ ਸਭਿ ਨਿਵਾਰੇ ॥ ਨਾਨਕ ਦਾਸ ਕੀਏ ਪ੍ਰਭਿ ਅਪੁਨੇ ਹਰਿ ਕੀਰਤਨਿ ਰੰਗ ਮਾਣੇ ਜੀਉ ॥੪॥੩੫॥੪੨॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਣ ਨਾਲ ਤੁਹਾਨੂੰ ਸਭ ਪ੍ਰਕਾਰ ਦੇ ਸੁਖਾਂ ਦੀ ਪ੍ਰਾਪਤੀ ਹੋਵੇ ।

ਸ਼ਬਦ ਨੰਬਰ ੨੨ (ਪੰਨਾ ੧੯੧)

ਸੁੱਕਾ ਬੱਚਾ ਹਰਿਆ ਭਰਿਆ ਹੋਵੇ

ਗਉੜੀ ਮਹਲਾ ੫ ॥

ਸੂਕੇ ਹਰੇ ਕੀਏ ਖਿਨ ਮਾਹੇ ॥ ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ ॥੧॥ ਕਾਟੇ ਕਸਟ ਪੂਰੇ ਗੁਰਦੇਵ॥ ਸੇਵਕ ਕਉ ਦੀਨੀ ਅਪੁਨੀ ਸੇਵ॥੧॥ ਰਹਾਉ ॥ ਮਿਟਿ ਗਈ ਚਿੰਤ ਪੁਨੀ ਮਨ ਆਸਾ ਕਰੀ ਦਇਆ ਸਤਿਗੁਰਿ ਗੁਣਤਾਸਾ ॥੨॥ ਦੁਖ ਨਾਠੇ ਸੁਖ ਆਇ ਸਮਾਏ ॥ ਢੀਲ ਨ ਪਰੀ ਜਾ ਗੁਰਿ ਫੁਰਮਾਏ ॥੩॥ ਇਛ ਪੁਨੀ ਪੂਰੇ ਗੁਰ ਮਿਲੇ ॥ ਨਾਨਕ ਤੇ ਜਨ ਸੁਫਲ ਫਲੇ ॥੪॥ ੫੮ ॥ ੧੨੭ ॥

ਸੋਕੇ ਦੀ ਬੀਮਾਰੀ ਲਈ ਇਹ ਸ਼ਬਦ ਸਿਧ ਕਰਕੇ ਅੰਮ੍ਰਿਤ ਪਿਲਾਉ । ਬੱਚਾ ਹਰਿਆ ਹੋਵੇਗਾ, ਕੋਈ ਦਵਾਈ ਦੀ ਲੋੜ ਨਹੀਂ ਰਹਿੰਦੀ ।

ਸ਼ਬਦ ਨੰਬਰ ੨੩ (ਪੰਨਾ ੧੮੭)

ਵਿਗੜੇ ਕਾਰਜ ਰਾਸ ਆਵਣ

ਗਉੜੀ ਗੁਆਰੇਰੀ ਮਹਲਾ ੫ ॥

ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤੁ॥ ਤੂੰ ਮੇਰਾ ਪ੍ਰੀਤਮ ਤੁਮਸੰਗਿਹੀਤੁ॥ਤੂਮੇਰੀ ਪਤਿਤੂੰ ਹੈ ਮੇਰਾ ਗਹਿਣਾ ॥ ਤੁਝ ਬਿਨੁ ਨਿਮਖੁ ਜਾਈ ਰਹਣਾ ॥ ੧ ॥ਤੂੰ ਮੇਰੇ ਲਾਲਨ ਤੂੰਮੇਰੇਪ੍ਰਾਨ॥ਤੂਮੇਰੇਸਾਹਿਬਤੂੰਮੇਰੇਖਾਨ॥ ੧॥ਰਹਾਉ॥ਜਿਉ ਤੁਮ ਰਾਖਹੁ ਤਿਵ ਹੀ ਰਹਣਾ॥ ਜੋਤੁਮ ਕਹਹੁ ਸੋਈ ਮੋਹਿ ਕਰਨਾ॥ ਜਹ ਪੇਖਉ ਤਹਾ ਤੁਮ ਬਸਨਾ॥ਨਿਰਭਉ ਨਾਮ ਜਪਉ ਤੇਰਾ ਰਸਨਾ ਤੁਮ ਬਜਨਾ॥ਨਿਰਭਉ ਨਾਮੁਜਪਉ ਤੇਰਾ ਰਸਨਾ ॥੨॥ ਤੂੰ ਮੇਰੀ ਨਵਨਿਧਿ ਤੂੰ ਭੰਡਾਰੁ॥ਰੰਗਰਸਾਤੂੰ ਮਨਹਿਅਧਾਰੁ॥ਤੂੰ ਮੇਰੀਸੋਭਾਤੁਮ ਸੰਗਿਰਚੀਆ॥ਤੂੰ ਮੇਰੀ ਓਟ ਤੂੰ ਹੈ ਮੇਰਾਤਕੀਆ॥੩॥ਮਨ ਤਨ ਅੰਤਰਿ ਤੁਹੀ ਧਿਆਇਆ॥ਮਰਮੁ ਤੁਮਾਰਾ ਗੁਰਤੇਪਾਇਆ ॥ ਸਤਿਗੁਰ ਤੇ ਦ੍ਰਿੜਿਆ ਇਕੁ ਏਕੈ॥ਨਾਨਕ ਦਾਸ ਹਰਿ ਹਰਿ ਹਰਿ ਟੇਕੈ ॥੪॥੧੮॥੮੭॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਵਿਧੀ ਪੂਰਬਕ ਕਰਨ ਨਾਲ ਵਿਗੜੇ ਕਾਰਜ ਰਾਸ ਆਵਣ ।

ਸ਼ਬਦ ਨੰਬਰ ੨ (ਪੰਨਾ ੧੯੨)

ਪਰਿਵਾਰ ਸੁਖੀ ਵੱਸੇ

ਗਉੜੀ ਮਹਲਾ ੫ ॥

ਤੁਮਰੀ ਕ੍ਰਿਪਾ ਤੇ ਜਪੀਐ ਨਾਉ ॥ ਤੁਮਰੀ ਕ੍ਰਿਪਾ ਤੇ ਦਰਗਹ ਥਾਉ ॥੧॥ ਤੁਝ ਬਿਨੁ ਪਾਰ-ਬ੍ਰਹਮ ਨਹੀ ਕੋਇ ॥ ਤੁਮਰੀ ਕ੍ਰਿਪਾ ਤੇ ਸਦਾ ਸੁਖੁ ਹੋਇ ॥ ੧ ॥ ਰਹਾਉ ॥ ਤੁਮ ਮਨਿ ਵਸੇ ਤਉ ਦੂਖੁ ਨ ਲਾਗੈ ॥ ਤੁਮਰੀ ਕ੍ਰਿਪਾ ਤੇ ਭ੍ਰਮੁ ਭਉ ਭਾਗੈ ॥ ੨ ॥ ਪਾਰਬ੍ਰਹਮ ਅਪਰੰਪਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ੩ ॥ ਕਰਉ ਅਰਦਾਸਿ ਅਪਨੇ ਸਤਿਗੁਰ ਪਾਸਿ ॥ ਨਾਨਕ ਨਾਮੁ ਮਿਲੈ ਸਚੁ ਰਾਸਿ ॥੪॥੬੪॥੧੩੩॥

ਮਰਯਾਦਾ ਅਨੁਸਾਰ ੪੧ ਦਿਨ ਪਾਠ ਕਰ ਲਓ ਨਿਸਚੇ ਹੀ ਸਭ ਪਰਵਾਰ ਵਿਚ ਸੁਖ ਸ਼ਾਂਤੀ ਵਰਤੇਗੀ ।

ਸ਼ਬਦ ਨੰਬਰ ੨੫ (ਪੰਨਾ ੭੦)

ਭੁਖ ਨੰਗ ਤੋਂ ਛੁਟਕਾਰਾ ਹੋਵੇ

ਸਿਰੀ ਰਾਗੁ ਮਹਲਾ ੫ ॥

ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥ ਦਮੜਾ ਪਲੈ ਨਾ ਪਵੈ ਨ ਕੋ ਦੇਵੈ ਧੀਰ ॥ ਸੁਆ-ਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥ ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ॥ ੨ ॥

ਗਰੀਬੀ ਨੂੰ ਦੂਰ ਕਰਨ ਲਈ ਇਹ ਸਿਧ ਸ਼ਬਦ ਹੈ, ਇਸਦਾ ੪੧ ਦਿਨ ੧੦੮ ਪਾਠ ਸਦਾ ਵਾਸਤੇ ਭੁਖ ਨੰਗ ਤੋਂ ਛੁਟਕਾਰਾ ਪਾਉਣ ਲਈ ਸਮਰਥ ਹੈ ॥

ਸ਼ਬਦ ਨੰਬਰ ੨੬ (ਪੰਨਾ ੭੦)

ਚਿੰਤਾ ਤੋਂ ਛੁਟਕਾਰਾ ਹੋਵੇ

ਸਿਰੀਰਾਗੁ ਮਹਲਾ ੫ ॥

ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ ॥ ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥ ਗਉਣੁ ਕਰੇ ਚਹੁਕੁੰਟ ਕਾ ਘੜੀ ਨ ਬੈਸਣੁ ਸੋਇ ॥ ਚਿਤਿ ਆਵੈ ਓਸੁ ਪਾਰ ਬ੍ਰਹਮੁ ਤਨੁ ਮਨੁ ਸੀਤਲੁ ਹੋਇ ॥੩॥

ਇਸ ਸ਼ਬਦ ਦਾ ੧੦੯ ਵੇਰਾਂ ਹਰ ਰੋਜ ਨੇਮ ਅਨੁਸਾਰ ੪੧ ਦਿਨ ਕੀਤਾ ਹੋਇਆ ਪਾਠ ਸਾਰਾ ਜੀਵਨ ਚਿੰਤਾ, ਫਿਕਰ ਸੋਚਾਂ ਤੋਂ ਛੁਟ-ਕਾਰਾ ਪਾ ਦੇਵੇਗਾ।

ਸ਼ਬਦ ਨੰਬਰ ੨੭ (ਪੰਨਾ ੧੦੧)

ਨਿਧੀਆਂ ਅਠਾਰਾਂ ਸਿਧੀਆਂ ਹੋ ਜਾਣ

ਨਿਧ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ॥ ਜਨਮੁ ਪਦਾਰਥੁ ਗਹਿਰ ਗੰਭੀਰੇ ॥ ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ ॥ ੧ ॥ ਦਰਸਨੁ ਪੇਖਤ ਭਏ ਪੁਨੀਤਾ ॥ ਸਗਲ ਉਧਾਰੇ ਭਾਈ ਮੀਤਾ॥ ਅਗਮ ਅਗੋਚਰ ਸੁਆਮੀ ਅਪੁਨਾ ਗੁਰ ਕਿਰਪਾ ਤੇ ਸਚੁ ਧਿਆਈ ਜੀਉ॥੨॥ ਜਾਕਉ ਖੋਜਹਿ ਸਰਬ ਉਪਾਏ ॥ ਵਡਭਾਗੀ ਦਰਸਨੁ ਕੋ ਵਿਰਲਾ ਪਾਏ॥ਊਚ ਅਪਾਰ ਅਗੋਚਰ ਥਾਨਾ ਓਹੁ ਮਹਲੁ ਗੁਰੂ ਦੇਖਾਈ ਜੀਉ ॥ ੩ ॥ ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ ॥ ਮੁਕਤਿ ਭਇਆ ਜਿਸੁ ਰਿਦੈ ਵਸੇਰਾ॥ਗੁਰਿ ਬੰਧਨ ਤਿਨਕੇ ਸਗਲੇ ਕਾਟੇ ਜਨ ਨਾਨਕ ਸਹਜਿ ਸਮਾਈ ਜੀਉ ॥੪॥੧੬॥੨੩॥

ਵਿਧੀ ਪੂਰਬਕ ੧੦੯ ਪਾਠ ੪੧ ਦਿਨ ਕਰੋ । ਫੇਰ ਦੇਖੋ ਕਿਵੇਂ ਧਨ ਦੌਲਤ ਵਲੋਂ ਬੇਪਰਵਾਹੀ ਹੁੰਦੀ ਹੈ ।

ਸ਼ਬਦ ਨੰਬਰ ੨੮ (ਪੰਨਾ ੧੦੩)

ਸਰੀਰ ਦੀ ਰਖਿਆ ਹੋਵੇ

ਮਾਝ ਮਹਲਾ ੫ ॥

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥ ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥ ੧॥ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ॥ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ॥੨॥ਜੀਅ ਜੰਤ ਸਭਿ ਤੁਧੁ ਉਪਾਏ ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ ॥੩॥ ਨਾਮੁ ਧਿਆਇ ਮਹਾ ਸੁਖੁ ਪਾਇਆ ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ ॥ ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ ॥੪॥੨੪॥੩੧॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਰੋਜ਼ ਨੇਮ ਅਨੁਸਾਰ ਕਰਨ ਨਾਲ ਰੋਗੀ ਸਰੀਰ ਦੀ ਅਰੋਗਤਾ ਲਈ ਇਹ ਸ਼ਬਦ ਸੰਜੀਵਨੀ ਬੂਟੀ ਵਾਂਗ ਸਰੀਰ ਨੂੰ ਅਰੋਗ ਕਰਦਾ ਹੈ ।

ਸ ਬਦ ਨੰਬਰ ੨੯ (ਪੰਨਾ ੧੯੯)

ਜਿਤ ਪ੍ਰਾਪਤ ਹੋਵੇ

॥ ਗਉੜੀ ਮਹਲਾ ੫ ॥

ਮਹਜਰੁ ਝੂਠਾ ਕੀਤੋਨੁ ਆਪਿ ॥ ਪਾਪੀ ਕਉ ਲਾਗਾ ਸੰਤਾਪੁ ॥ ੧ ॥ ਜਿਸਹਿ ਸਹਾਈ ਗੋਬਿਦੁ ਮੇਰਾ ॥ ਤਿਸੁ ਕਉ ਜਮੁ ਨਹੀ ਆਵੈ ਨੇਰਾ ॥੧॥ ਰਹਾਉ ॥ ਸਾਚੀ ਦਰਗਹ ਬੋਲੈ ਕੂੜੁ ॥ਸਿਰੁ ਹਾਥ ਪਛੋੜੈ ਅੰਧਾ ਮੂੜੁ॥੨॥ ਰੋਗ ਬਿਆਪੇ ਕਰਦੇ ਪਾਪ॥ ਅਦਲੀ ਹੋਇ ਬੈਠਾ ਪ੍ਰਭੁ ਆਪਿ ॥ ੩॥ ਅਪਨ ਕਮਾਇਐ ਆਪੇ ਬਾਧੇ ॥ ਦਰਬੁ ਗਇਆ ਸਭੁ ਜੀਅ ਕੈ ਸਾਥੇ ॥੪॥ ਨਾਨਕ ਸਰਨਿ ਪਰੇ ਦਰਬਾਰਿ॥ ਰਾਖੀ ਪੈਜ ਮੇਰੈ ਕਰਤਾਰਿ ॥ ੫॥੯੯॥ ੧੬੮॥

ਇਸ ਪਾਠ ਦਾ ੧੦੮ ਪਾਠ ਕਰਨ ਨਾਲ ਝੂਠੀ ਤੋਹਮਤ ਵਾਲੇ ਦਾ ਮੂੰਹ ਕਾਲਾ ਹੋਵੇ ।

ਸ਼ਬਦ ਨੰਬਰ ੩੦ (ਪੰਨਾ ੨੧੧)

ਅਗੰਮੀ ਸਹਾਇਤਾ ਮਿਲੇ

ਗਉੜੀ ਮਹਲਾ ੫ ॥

ਜੀਅਰੇ ਓਲਾ ਨਾਮ ਕਾ॥ ਅਵਰੁ ਜਿ ਕਰਨ ਕਰਵਾਨੋ ਤਿਨ ਮਹਿ ਭਉ ਹੈ ਜਾਮ ਕਾ ॥ ੧ ॥ ਰਹਾਉ ॥ ਅਵਰ ਜਤਨਿ ਨਹੀ ਪਾਈਐ ॥ ਵਡੈ ਭਾਗਿ ਹਰਿ ਧਿਆਈਐ ॥੧॥ ਲਾਖ ਹਿਕਮਤੀ ਜਾਨੀਐ ॥ ਆਗੈ ਤਿਲੁ ਨਹੀ ਮਾਨੀਐ ॥ ੨ ॥ ਅਹੰਬੁਧਿ ਕਰਮ ਕਮਾਵਨੇ ॥ ਗ੍ਰਿਹ ਬਾਲੂ ਨੀਰਿ ਬਹਾਵਨੇ ॥ ੩ ॥ ਪ੍ਰਭੁ ਕ੍ਰਿਪਾਲੁ ਕਿਰਪਾ ਕਰੈ ॥ ਨਾਮੁ ਨਾਨਕ ਸਾਧੂ ਸੰਗਿ ਮਿਲੈ ॥੪॥੪॥੧੪੨॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਨਿਸਚੇ ਹੀ ਅਗੰਮੀ ਸਹਾਇਤਾ ਮਿਲੇ।

ਸ਼ਬਦ ਨੰਬਰ ੩੧ (ਪੰਨਾ ੨੧੮)

ਕਾਰਜ ਦੀ ਨਿਰਵਿਘਨਤਾ ਵਾਸਤੇ

ਗਉੜੀ ਮਾਝ ਮਹਲਾ ੫ ॥

ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁਤੇਰਾ ਨਾਮੁ॥ ਆਠ ਪਹਿਰ ਆਰਾਧੀਐ ਪੂਰਨ ਸਤਿਗੁਰ ਗਿਆਨੁ ੧॥ ਰਹਾਉ॥ ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥ ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ ॥੧॥ ਸੇਵਾ ਸੁਰਤਿ ਨ ਜਾਣੀਆ ਨ ਜਾਪੈ ਆਰਾਧਿ ॥ ਓਟ ਤੇਰਾ ਜਗ ਜੀਵਨਾ ਮੇਰੇ ਠਾਕੁਰ ਅਗਮ ਅਗਾਧਿ ॥੨॥ ਭਏ ਕ੍ਰਿਪਾਲ ਗੁਸਾਈਆ ਨਠੇ ਸੋਗ ਸੰਤਾਪ ॥ ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ॥੩॥ ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਨਹਾਰੁ ॥ ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦਾ ਬਲਿਹਾਰਿ ॥੪॥੨॥੧੭੦॥

ਵਿਧੀ ਅਨੁਸਾਰ ੪੧ ਦਿਨ ੧੦੮ ਪਾਠ ਹਰ ਰੋਜ਼ ਕਰਨ ਨਾਲ ਜੋ ਕੰਮ ਆਰੰਭ ਕਰੋਗੇ ਉਹ ਨਿਰਵਿਘਨ ਸੰਪੂਰਨ ਹੋਵੇਗਾ।

ਸਬਦ ਨੰਬਰ ੩੨ (ਪੰਨਾ ੩. ੬)

ਸਫਰ ਵਿਚ ਕਦੇ ਕੋਈ ਸੰਕਟ ਨਾ ਆਵੇ

ਆਸਾ ਮਹਲਾ ੫ ॥

ਨਿਕਟਿ ਜੀਅ ਕੈ ਸਦ ਹੀ ਸੰਗਾ ॥ ਕੁਦਰਤਿ ਵਰਤੈ ਰੂਪ ਅਰੁ ਰੰਗਾ॥੧॥ਕਰ੍ਹੈ ਨ ਝੁਰੈ ਨਾ ਮਨੁ ਰੋਵਨਹਾਰਾ ॥ ਅਵਿਨਾਸੀ ਅਵਿਗਤੁ ਅਗੋਚਰੁ ਸਦਾ ਸਲਾਮਤਿ ਖਸਮੁ ਹਮਾਰਾ ॥੧॥ ਰਹਾਉ ॥ ਤੇਰੇ ਦਾਸਰੇ ਕਉ ਕਿਸਕੀ ਕਾਣਿ ॥ ਜਿਸਕੀ ਮੀਰਾ ਰਾਖੈ ਆਣਿ॥੨॥ ਜੋ ਲਉਡਾ ਪ੍ਰਭਿ ਕੀਆ ਅਜਾਤਿ ॥ ਤਿਸੁ ਲਉਡੇ ਕਉ ਕਿਸਕੀ ਤਾਤਿ ॥੩॥ ਵੇ ਮੁਹਤਾਜਾ ਵੇਪਰਵਾਹੁ ॥ ਨਾਨਕ ਦਾਸ ਕਹਹੁ ਗੁਰ ਵਾਹੁ ॥੪॥੨੧॥

ਜੇ ਪ੍ਰਦੇਸਜਾਣਾ ਹੋਵੇ ਜਾਂ ਜਹਾਜ ਦਾ ਸਫਰ ਕਰਨਾ ਹੋਵੇ ਤਦ ਇਸ ਸ਼ਬਦ ਦਾ ੧੦੯ ਪਾਠ ੪੧ ਦਿਨ ਕਰ ਲੈਣ ਨਾਲ ਕਿਸੇ ਪ੍ਰਕਾਰ ਦਾ ਕਦੇ ਭੀ ਸੰਕਟ ਨਹੀਂ ਆਵੇਗਾ।

ਸ਼ਬਦ ਨੰਬਰ ੩੩ (ਪੰਨਾ ੧੦੪)

ਔੜ ਲਗੀ ਹੋਵੇ ਸੁਕਾਲ ਹੋਵੇ

ਮਾਝ ਮਹਲਾ ੫ ॥

ਹੁਕਮੀ ਵਰਸਣ ਲਾਗੇ ਮੇਹਾ ॥ ਸਾਜਨ ਸੰਤ ਮਿਲਿ ਨਾਮੁ ਜਪੇਹਾ॥ ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ ॥ ੧ ॥ ਸਭੁ ਕਿਛੁ ਬਹੁਤੋ ਬਹੁਤੁ ਉਪਾਇਆ ॥ ਕਰਿ ਕਿਰਪਾ ਪ੍ਰਭਿ ਸਗਲ ਰਜਾਇਆ ॥ ਦਾਤਿ ਕਰਹੁ ਮੇਰੇ ਦਾਤਾਰਾ ਜੀਅ ਜੰਤ ਸਭਿ ਧ੍ਰਾਪੇ ਜੀਉ ॥੨॥

ਇਸ ਸ਼ਬਦ ਦਾ ੪੧ ਦਿਨ ੧੦੯ ਪਾਠ ਕਰਨ ਨਾਲ ਔੜ ਹਟ ਜਾਵੇ ਅਤੇ ਸੁਕਾਲ ਹੋਵੇ।

ਸ਼ਬਦ ਨੰਬਰ ੩੪ (ਪੰਨਾ ੨੬੧)

ਲਛਮੀ ਪ੍ਰਾਪਤ ਹੋਵੇ, ਦੱਬੀ ਹੋਈ ਦੌਲਤ ਮਿਲੇ

ਪਉੜੀ ॥

ਖੇਲਤ ਖੇਲਤ ਆਇਓ ਅਨਿਕ ਜੋਨਿ ਦੁਖ ਪਾਇ॥ਖੇਦ ਮਿਟੇ ਸਾਧੂ ਮਿਲਤ ਸਤਿਗੁਰ ਬਚਨ ਸਮਾਇ ॥ ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤ ਨਾਮੁ॥ ਖਰੀ ਕ੍ਰਿਪਾ ਠਾਕੁਰ ਭਈ ਅਨਦ ਸੂਖ ਬਿਸ੍ਰਾਮ ॥ ਖੇਪ ਨਿਬਾਹੀ ਬਹੁਤੁ ਲਾਭ ਘਰਿ ਆਇ ਪਤਿਵੰਤ ॥ ਖਰਾ ਦਿਲਾਸਾ ਗੁਰਿ ਦੀਆਂ ਆਇ ਮਿਲੇ ਭਗਵੰਤ ॥ ਆਪਨ ਕੀਆ ਕਰਹਿ ਆਪਿ ਆਗੈ ਪਾਛੈ ਆਪਿ ॥ ਨਾਨਕ ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ ॥੫੩॥

ਇਸ ਸ਼ਬਦ ਦਾ ੧੦੮ ਵੇਰਾਂ ਹਰ ਰੋਜ਼ ਨੇਮ ਅਨੁਸਾਰ ੪੧ ਦਿਨ ਪਾਠ ਕਰਨ ਨਾਲ । ਗੁਪਤ ਧਨ ਜਾਂ ਦੱਬੀ ਦੌਲਤ ਮਿਲੇ ।

ਸ਼ਬਦ ਨੰਬਰ ੩੫ (ਪੰਨਾ ੧੦੫)

ਬਾਰਸ਼ ਹੋਵੇ ਅੰਨ ਬਹੁਤ ਉਪਜੇ

ਮਾਝ ਮਹਲਾ ੫ ॥

ਮੀਹੁ ਪਇਆ ਪਰਮੇਸਰਿ ਪਾਇਆ ॥ ਜੀਅ ਜੰਤ ਸਭਿ ਸੁਖੀ ਵਸਾਇਆ ॥ ਗਇਆ ਕਲੇਸੁ ਭਇਆ ਸੁਖੁ ਸਾਚਾ ਹਰਿ ਹਰਿ ਨਾਮੁ ਸਮਾਲੀ ਜੀਉ ॥ ੧ ॥ ਜਿਸ ਕੇ ਸੇ ਤਿਨ ਹੀ ਪ੍ਰਤਿਪਾਰੇ ਪਾਰਬ੍ਰਹਮ ਪ੍ਰਭ ਭਏ ਰਖਵਾਰੇ ॥ ਸੁਣੀ ਬੇਨੰਤੀ ਠਾਕਰਿ ਮੇਰੇ ਪੂਰਨ ਹੋਈ ਘਾਲੀ ਜੀਉ ॥ ੨ ॥ ਸਰਬ ਜੀਆ ਕਉ ਦੇਵਣਹਾਰਾ ॥ ਗੁਰਪਰਸਾਦੀ ਨਦਰਿ ਨਿਹਾਰਾ ॥ ਜਲ ਥਲ ਮਹੀਅਲ ਸਭਿ ਤ੍ਰਿਪਤਾਣੇ ਸਾਧੂ ਚਰਨ ਪਖਾਲੀ ਜੀਉ॥੩॥ ਮਨ ਕੀ ਇਛ ਪੁਜਾਵਣਹਾਰਾ ॥ ਸਦਾ ਸਦਾ ਜਾਈ ਬਲਿਹਾਰਾ ॥ ਨਾਨਕ ਦਾਨੁ ਕੀਆ ਦੁਖ ਭੰਜਨਿ ਰਤੇ ਰੰਗਿ ਰਸਾਲੀ ਜੀਉ ॥੪॥੩੨॥੩੯॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਨੇਮ ਨਾਲ ਕਰਨ ਨਾਲ ਬਾਰਸ਼ ਹੋਵੇ, ਅਤੇ ਅਨਾਜ ਦੀ ਉਪਜ ਵਧੇ, ਕਦੇ ਤੋਟ ਨਾ ਆਵੇ ।

ਸਬਦ ਨੰਬਰ ੩੬ (ਪੰਨਾ ੨੬੧)

ਸਭ ਦਾ ਭਲਾ ਹੋਵੇ

ਪਉੜੀ ॥

ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ ॥ ਹੇ ਪੂਰਨ ਹੇ ਸਰਬਮੈ ਦੁਖ ਭੰਜਨ ਗੁਣਤਾਸ ॥ ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥ ਹੇ ਗੋਬਿਦ ਹੇ ਗੁਣ ਨਿਧਾਨ ਜਾਕੈ ਸਦਾ ਬਿਬੇਕ ॥ ਹੇ ਅਪਰੰਪਾਰ ਹਰਿ ਹਰੈ ਹਹਿ ਭੀ ਹੋਵਨਹਾਰ ॥ ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ ॥ ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ ॥ ਨਾਨਕ ਦੀਜੈ ਨਾਮੁ ਦਾਨੁ ਰਾਖਉ ਹੀਐ ਪਰੋਇ ॥ ੫੫ ॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਵਿਧੀ ਅਨੁਸਾਰ ਕਰਣ ਨਾਲ ਸਭਦਾ ਭਲਾ ਹੋਵੇ ਇਸੇ ਭਲੇ ਵਿਚ ਆਪਣਾ ਭੀ ਭਲਾ ਹੋਵੇਗਾ ।

ਸਬਦ ਨੰਬਰ ੩੭ (ਪੰਨਾ ੩੪੫)

ਵਪਾਰ ਆਰੰਭ ਕਰਨ ਲਈ

ਗਉੜੀ ਬੈਰਾਗਣਿ ਰਵਿਦਾਸ ਜੀਉ ॥

ਘਟ ਅਵਘਟ ਡੂਗਰ ਘਣਾ ਇਕ ਨਿਰਗੁਣੁ ਬੈਲੁ ਹਮਾਰ ॥ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥ ੧ ॥ ਕੋ ਬਨਜਾਰੋ ਰਾਮਕੋ ਮੇਰਾ ਟਾਂਡਾ ਲਾਦਿਆਜਾਇਰੇ ॥੧॥ਰਹਾਉ॥ਹਉ ਬਨਜਾਰੋ ਰਾਮ ਕੋ ਸਹਜਕਰਉ ਬਾਪਾਰੁ ॥ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ॥੨॥ ਉਰਵਾਰ ਪਾਰਕੇ ਦਾਨੀਆ ਲਿਖਿ ਲੇਹੁ ਆਲ ਪਤਾਲ ॥ ਮੋਹਿ ਜਮ ਡੰਡੁ ਨ ਲਾਗਹੀ ਤਜੀਲੇ ਸਰਬ ਜੰਜਾਲ ॥ ੩ ॥ ਜੈਸਾ ਰੰਗ ਕਸੁੰਭ ਕਾ ਤੈਸਾ ਇਹੁ ਸੰਸਾਰੁ ॥ ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥੪॥੧॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਵਿਧੀ ਪੂਰਬਕ ਕਰੋ ਅਰ ੧੦੮ ਗੋਲੀਆਂ ਆਟੇ ਦੀਆਂ ਬਣਾ ਕੇ ਮੱਛੀਆਂ ਨੂੰ ਹਰ ਰੋਜ਼ ਪਾਵੋ, ਵਪਾਰ ਵਿਚ ਵਾਧਾ ਹੋਵੇਗਾ ।

ਸ਼ਬਦ ਨੰਬਰ ੩੬ (ਪੰਨਾ ੧੯੬)

ਲੱਛਮੀ ਦੀ ਅਤੁਟ ਪ੍ਰਾਪਤੀ ਹੋਵੇ

ਪਉੜੀ ॥

ਜਾ ਤੂ ਮੇਰੈ ਵਲ ਹੈ ਤਾ ਕਿਆ ਮੁਹਛੰਦਾ ॥ ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥ ਲਖਮੀ ਤੋਟਿ ਨਾ ਆਵਈ ਖਾਇ ਖਰਚਿ ਰਹੰਦਾ॥ ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥ ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ ॥ ਲੇਖਾ ਕੋਇ ਨਾ ਪੁਛਈ ਜਾ ਹਰਿ ਬਖਸੰਦਾ ॥ ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ ॥ ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ ॥ ੭ ॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਲੱਛਮੀ ਦੀ ਅਤੁਟ ਪ੍ਰਾਪਤੀ ਹੋਵੇ।

ਸ਼ਬਦ ਨੰਬਰ ੩੯ (ਪੰਨਾ ੩੫੭)

ਚੰਗੇ ਪਤੀ ਦੀ ਪ੍ਰਾਪਤੀ ਹੋਵੇ

ਆਸਾ ਮਹਲਾ ੧ ॥

ਪੇਵਕੜੈ ਧਨ ਖਰੀ ਇਆਣੀ ॥ ਤਿਸੁ ਸਹ ਕੀ ਮੈ ਸਾਰ ਨ ਜਾਣੀ ॥੧॥ ਸਹੁ ਮੇਰਾ ਏਕੁ ਦੂਜਾ ਨਹੀ ਕੋਈ ॥ ਨਦਰਿ ਕਰੇ ਮੇਲਾਵਾ ਹੋਈ ॥੧॥ ਰਹਾਉ ॥ ਸਾਹੁਰੜੈ ਧਨ ਸਾਚੁ ਪਛਾਣਿਆ ॥ ਸਹਜਿ ਸੁਭਾਇ ਅਪਣਾ ਪਿਰੁ ਜਾਣਿਆ ॥ ੨ ॥ ਗੁਰ ਪਰਸਾਦੀ ਐਸੀ ਮਤਿ ਆਵੈ ॥ ਤਾਂ ਕਾਮਣਿ ਕੰਤੈ ਮਨਿ ਭਾਵੈ ॥੩॥ ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ ॥ ਸਦ ਹੀ ਸੇਜੈ ਰਵੈ ਭਤਾਰੁ ॥੪॥੨੭॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਵਿਧੀ ਅਨੁਸਾਰ ਕਰਨ ਨਾਲ ਕਮਾਓ ਅਤੇ ਚੰਗੇ ਪਤੀ ਦੀ ਪ੍ਰਾਪਤੀ ਹੋਵੇ ਹਰ ਰੋਜ਼ ਇਕ ਪੇੜਾ ਆਟੇ ਦਾ ਗਊ ਨੂੰ ਦੇਣਾ ਜ਼ਰੂਰੀ ਹੈ।

ਸ਼ਬਦ ਨੰਬਰ ੪੦ (ਪੰਨਾ ੯੭)

ਘਰ ਵਿਚ ਸੁਖ ਰਹੇ ਇਸਤ੍ਰੀ ਪ੍ਰੇਮ ਬਣੇ

ਮਾਝ ਮਹਲਾ ੫ ॥

ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ॥ ਤਿਤੁ ਘਰਿ ਸਖੀਏ ਮੰਗਲ ਗਾਇਆ ॥ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ॥ ੧॥ ਸਾ ਗੁਣਵੰਤੀ ਸਾ ਵਡਭਾਗਣਿ ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥ ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥੨॥ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ॥ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥ ੩ ॥ ਮਹਿਮਾ ਤਿਸੁ ਕੀ ਕਹਣੁ ਨ ਜਾਏ ॥ ਜੋ ਪਿਰਿ ਮੇਲਿ ਲਈ ਅੰਗਿ ਲਾਏ॥ ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਧਾਰੀ ਜੀਉ ॥੪॥੪॥੧੧॥

ਇਸ ਸ਼ਬਦ ਦਾ ੧੦੮ ਪਾਠ ਵਿਧੀ ਪੂਰਬਕ ੪੧ ਦਿਨ ਕਰਨ ਨਾਲ ਪਤੀ ਪਤਨੀ ਦਾ ਆਪਸ ਵਿਚ ਪ੍ਰੇਮ ਵਧੇ। ਅਰ ਜੋ ਪਾਠ ਕਰੇ ਦੂਸਰਾ ਉਸਦੇ ਅਧੀਨ ਹੋ ਜਾਏ।

ਸ਼ਬਦ ਨੰਬਰ ੪੧ (ਪੰਨਾ ੨੨੧)

ਅੱਖਾਂ ਦੀ ਜੋਤੀ ਵਧੇ, ਮੋਤੀਆ ਬਿੰਦ ਹਟੇ

ਸਲੋਕ ॥

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥ ੧॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਮਰਯਾਦਾ ਪੂਰਬਕ ਕਰਨ ਨਾਲ ਮੋਤਿਆ ਬਿੰਦ ਰੋਗ ਬਗੈਰ ਉਪਰੇਸ਼ਨ ਦੇ ਠੀਕ ਹੋਂਵੇ ਤੇ ਨਜ਼ਰ ਮੁੜ ਆਵੇ।

ਸਬਦ ਨੰਬਰ ੪੨ (ਪੰਨਾ ੩੪੫)

ਦੁੱਖ ਭੁੱਖ ਦੂਰ ਹੋਵੇ

ਗਉੜੀ ਨਾਮ ਦੇਵ ਜੀ ॥

ਦੇਵਾ ਪਾਹਨ ਤਾਰੀਅਲੇ ॥ ਰਾਮ ਕਹਤ ਜਨ ਕਸ ਨ ਤਰੇ॥੧॥ਰਹਾਉ ॥ਤਾਰੀ ਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ॥ ਚਰਨ ਬਧਿਕ ਜਨ ਤੇਊ ਮੁਕਤਿ ਭਏ॥ ਉਹ ਬਲਿ ਬਲਿ ਜਿਨ ਰਾਮ ਕਹੈ ॥ ੧॥ ਦਾਸੀ ਸੁਤ ਜਨ ਬਿਦਰੁ ਸੁਦਾਮਾ ਉਗ੍ਰਸੇਨ ਕਉ ਰਾਜ ਦੀਏ ॥ ਜਪਹੀਨ ਤਪਹੀਨ ਕੁਲਹੀਨ ਕ੍ਰਮਹੀਨ ਨਾਮੇ ਕੇ ਸੁਆਮੀ ਤੇਊ ਤਰੇ ॥੨ ॥ ੧ ॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਨੇਮ ਨਾਲ ਕਰੋ ਅਰ ੧੦੮ ਦਿਨ ਜ਼ਮੀਨ ਪਰ ਸੌਣ ਦੀ ਪ੍ਰਤਿਗਿਆ ਕਰਕੇ ਅਰੰਭ ਕਰੋ ਨਿਸਚੇ ਹੀ ਦੁਖ ਦਲਿਦਰ ਦੂਰ ਹੋਵੇਗਾ ।

ਸ਼ਬਦ ਨੰਬਰ ੪੩ (ਪੰਨਾ ੩੬੬)

ਕੁਦਰਤੀ ਸਹਾਇਤਾ ਹੋਵੇ

ਰਾਗੁ ਆਸਾ ਮਹਲਾ ੪ ਘਰੁ ੨ ॥

ਕਿਸਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥ ਕਿਸਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥ ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ ॥ ਹਮਰਾ ਧੜਾ ਹਰਿ ਰਾਹਿਆ ਸਮਾਈ ॥ ੧॥ ਹਰ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ॥ ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥੧॥ ਰਹਾਉ॥ ਜਿਨ ਸਿਉ ਧੜੇ ਕਰਹਿ ਸੇ ਜਾਹਿ॥ ਝੂਠੁ ਧੜੇ ਕਰਿ ਪਛੋਤਾਹਿ॥ ਥਿਰੁ ਨ ਰਹਹਿ ਮਨਿ ਖੋਟੁ ਕਮਾਹਿ ॥ ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ ॥੨॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਲਗਾਤਾਰ ਕਰੋ ਅਤੇ ਆਪਣੇ ਸਾਹਮਣੇ ਘਿਓ ਦੀ ਜੋਤ ਜਗਾਓ ਅਤੇ ਉਸ ਜੋਤ ਵਿਚ ਨੇਤਰਾਂ ਨੂੰ ਟਿਕਾਓ । ਕੁਦਰਤੀ ਸਹਾਇਤਾ ਹੋਵੇ ।

ਸ਼ਬਦ ਨੰਬਰ ੪੪ (ਪੰਨਾ ੩੭੩)

ਸਹੁਰੇ ਘਰ ਦੇ ਦੁਖ ਹਟਣ

ਆਸਾ ਮਹਲਾ ੫ ॥

ਦੂਖ ਰੋਗ ਭਏ ਗਤੁ ਤਨੁ ਤੇ ਮਨੁ ਨਿਰਮਲੁ ਹਰਿ ਹਰਿ ਗੁਣ ਗਾਇ ॥ ਭਏ ਅਨੰਦ ਮਿਲਿ ਸਾਧੂ ਸੰਗਿ ਅਬ ਮੇਰਾ ਮਨੁ ਕਤਹੀ ਨ ਜਾਇ ॥੧॥ਤਪਤਿ ਬੁਝੀ ਗੁਰ ਸਬਦੀ ਮਾਇ॥ ਬਿਨਸਿ ਗਇਓ ਤਾਪ ਸਭਸਹਸਾ ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ ॥ ੧ ॥ ਰਹਾਉ ॥

ਇਸ ਸ਼ਬਦ ਦੇ ੧੦੮ ਪਾਠ ਠੀਕ ੪੧ ਦਿਨ ਕਰੋ, ਦੀਵੇ ਵਿਚ ਘਿਓਦੀ ਬੱਤੀ ਜਗਾਓ ਤੇ ਪਾਠ ਕਰਕੇ ਇਹ ਦੀਵਾ ਸਰੋਵਰ, ਨਹਿਰ, ਤਲਾ, ਖੂਹ ਵਿਚ ਪ੍ਰਵਾਹ ਦਿਓ, ਨਿਸਚੇ ਹੀ ਸਹੁਰੇ ਘਰ ਵਾਲੇ ਅਧੀਨ ਹੋ ਜਾਣਗੇ ।

ਸ਼ਬਦ ਨੰਬਰ ੪੫ (ਪੰਨਾ ੩੭੧)

ਮੁਕੱਦਮਾ ਹੱਕ ਵਿਚ ਹੋਵੇ

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥ ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ਤ੍ਰਿਤੀਏ॥ਮਤਾ ਕਿਛੁ ਕਰਉ ਉਪਾਇਆ॥ ਮੈ ਸਭੁ ਕਿਛ ਛੋਡਿ ਪ੍ਰਭ ਤੁਹੀ ਧਿਆਇਆ॥੧॥ ਮਹਾ ਅਨੰਦ ਅਚਿੰਤ ਸਹਜਾਇਆ॥ ਦੁਸਮਨ ਦੂਤ ਮੁਏ ਸੁਖੁ ਪਾਇਆ ॥੧॥ਰਹਾਉ॥ ਸਤਿਗੁਰ ਮੋਕਉ ਦੀਆ ਉਪਦੇਸੁ ॥ ਜੀਉ ਪਿੰਡ ਸਭੁ ਹਰਿ ਕਾ ਦੇਸੁ॥ਜੋ ਕਿਛੁ ਕਰੀ ਸੁ ਤੇਰਾ ਤਾਣੁ॥ ਤੂੰ ਮੇਰੀ ਓਟ ਤੂੰ ਹੈ ਦੀਬਾਣੁ ॥੨॥ ਤੁਧੁ ਨੋ ਛੋਡਿ ਜਾਈਐ ਪ੍ਰਭ ਕੈ ਧਰਿ ॥ ਆਨ ਨ ਬੀਆ ਤੇਰੀ ਸਮਸਰਿ ॥ ਤੇਰੇ ਸੇਵਕ ਕਉ ਕਿਸ ਕੀ ਕਾਣਿ ॥ ਸਾਕਤੁ ਭੂਲਾ ਫਿਰੈ ਬੇਬਾਣਿ॥੩॥ ਤੇਰੀ ਵਡਿਆਈ ਕਹੀ ਨ ਜਾਇ॥ ਜਹ ਕਰ ਰਾਖਿ ਲੈਹਿ ਗਲਿ ਲਾਇ॥ਨਾਨਕ ਦਾਸ ਤੇਰੀ ਸਰਣਾਈ ॥ ਪ੍ਰਭਿ ਰਾਖੀ ਪੈਜ ਵਜੀ ਵਾਧਾਈ ॥੪॥੫॥

ਇਸ ਸ਼ਬਦ ਦੇ ੧੦੮ ਪਾਠ ੪੧ ਦਿਨ ਕਰੋ, ਤਾਰੀਖ ਵਾਲੇ ਦਿਨ ਸ਼ਬਦ ਜ਼ਬਾਨੀ ਪੜਦੇ ਰਹੋ । ਅਦਾਲਤ ਵਿਚੋਂ ਜੈ ਜੈਕਾਰ ਨਾਲ ਮੁਕੱਦਮਾ ਜਿਤਕੇ ਆਵੋਗੇ ।

ਸ਼ਬਦ ਨੰਬਰ ੪੬ (ਪੰਨਾ ੩੭੩)

ਨਿੰਦਕ ਨੂੰ ਸਜ਼ਾ ਮਿਲੇ

ਆਸਾ ਮਹਲਾ ੫ ॥

ਅਰੜਾਵੈ ਬਿਲਲਾਵੈ ਨਿੰਦਕੁ ॥ ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕੁ ॥੧॥ ਰਹਾਉ ॥ ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ ॥ ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ ॥੧॥ ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ ॥ ਭਗਤ ਜਨਾ ਕਉ ਸਦਾ ਅਨੰਦੁ ਹੈ ਹਰਿ ਕੀਰਤਨੁ ਗਾਇ ਬਿਗਸਾਵੈ ॥੨॥ ੧੦॥

ਇਸ ਸ਼ਬਦ ਦੇ ੧੦੮ ਪਾਠ ਕਰਕੇ ੪੧ ਵੇਂ ਦਿਨ ਭੋਗ ਪਾਓ ਤੇ ਤੁਹਾਡਾ ਪ੍ਰਸ਼ਾਦ ਵਰਤਾਓ। ਨਿੰਦਕ ਦਾ ਮੂੰਹ ਕਾਲਾ ਤੇ ਤੁਹਾਡਾ ਜੱਸ ਵਧੇ।

ਸ਼ਬਦ ਨੰਬਰ ੩੬ (ਪੰਨਾ ੬੧੮)

ਦਵਾਈ ਦਾ ਅਸਰ ਹੋਵੇ

ਸੋਰਠਿ ਮਹਲਾ ੫ ॥

ਜਨਮ ਜਨਮ ਕੇ ਦੂਖ ਨਿਵਾਰੈ ਸੁਕਾ ਮਨੁ ਸਾਧਾਰੈ ॥ ਦਰਸਨੁ ਭੇਟਤ ਹੋਤ ਨਿਹਾਲਾ ਹਰਿ ਕਾ ਨਾਮੁ ਬੀਚਾਰੈ ॥੧॥ ਮੇਰਾ ਬੈਦੁ ਗੁਰੂ ਗੋਵਿੰਦਾ ॥ ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥ ੧ ॥ ਰਹਾਉ ॥ ਸਮਰਥ ਪੁਰਖ ਪੂਰਨ ਬਿਧਾਤੇ ਆਪੇ ਕਰਣੈਹਾਰਾ ॥ ਅਪੁਨਾ ਦਾਸੁ ਹਰਿ ਆਪਿ ਉਬਾਰਿਆ ਨਾਨਕ ਨਾਮ ਅਧਾਰਾ ॥੨॥੬॥੩੪॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਦਵਾਈ ਦਾ ਫੌਰਨ ਲਾਭ ਪੁਜਣਾ ਸ਼ੁਰੂ ਹੋ ਜਾਵੇਗਾ।

ਸ਼ਬਦ ਨੰਬਰ ੪੮ (ਪੰਨਾ ੬੨੦)

ਤੇਈਏ ਤਾਪ ਦੀ ਨਵਿਰਤੀ ਹੋਵੇ

ਸੋਰਠਿ ਮਹਲਾ ੫ ॥

ਮੇਰਾ ਸਤਿਗੁਰ ਰਖਵਾਲਾ ਹੋਆ ॥ ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ॥੧॥ ਰਹਾਉ॥ ਤਾਪੁ ਗਇਆ ਪ੍ਰਭਿ ਆਪਿ ਮਿਟਾਇਆ ਜਨ ਕੀ ਲਾਜ ਰਖਾਈ॥ ਸਾਧਸੰਗਿਤ ਤੇ ਸਭ ਪਾਏ ਸਤਿਸਗੁਰ ਕੈ ਬਲਿ ਜਾਂਈ ॥ ੧॥ ਹਲਤੁ ਪਲਤੁ ਪ੍ਰਭ ਦੋਵੈ ਸਵਾਰੇ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥ ਅਟਲ ਬਚਨੁ ਨਾਨਕ ਗੁਰ ਤੇਰਾ ਸਫਲ ਕਰੁ ਮਸਤਕਿ ਧਾਰਿਆ॥੨॥੨੧॥੪੯॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਵਿਧੀ ਅਨੁਸਾਰ ਕਰਨ ਨਾਲ ਅਤੇ ਅੰਮ੍ਰਿਤ ਪੀਣ ਨਾਲ ਤੇਈਆ ਤਾਪ ਸ਼੍ਰਤੀਆ ਉਤਰ ਜਾਵੇਗਾ ।

ਸਬਦ ਨੰਬਰ ੪੧ (ਪੰਨਾ ੬੧੦)

ਸਰਬ ਆਸਾ ਪੂਰਨ ਹੋਵਣ

ਸੋਰਠਿ ਮਹਲਾ ੫ ॥

ਜਾਕੈ ਹਿਰਦੈ ਵਸਿਆ ਤੂ ਕਰਤੇ ਤਾਕੀ ਤੈਂ ਆਸ ਪੁਜਾਈ॥ ਦਾਸ ਅਪੁਨੇ ਕਉ ਤੂ ਵਿਸਰਹਿ ਨਾਹੀ ਚਰਣ ਧੂਰਿ ਮਨਿ ਭਾਈ॥੧॥ ਤੇਰੀ ਅਕਥ ਕਥਾ ਕਥਨੁ ਨ ਜਾਈ ॥ ਗੁਣ ਨਿਧਾਨ ਸੁਖਦਾਤੇ ਸੁਆਮੀ ਸਭ ਤੇ ਊਚ ਬਡਾਈ ॥ ਰਹਾਉ॥ ਸੋ ਸੋ ਕਰਮ ਕਰਤ ਹੈ ਪ੍ਰਾਣੀ ਜੈਸੀ ਤੁਮ ਲਿਖਿ ਪਾਈ॥ ਸੇਵਕ ਕਉ ਤੁਮ ਸੇਵਾ ਦੀਨੀ ਦਰਸਨੁ ਦੇਖਿ ਅਘਾਈ ॥੨॥ ਸਰਬ ਨਿਰੰਤਰਿ ਤੁਮਹਿ ਸਮਾਨੇ ਜਾਕਉ ਤੁਧੁ ਆਪਿ ਬੁਝਾਈ ॥ ਗੁਰਪਰਸਾਦਿ ਮਿਟਿਓ ਅਗਿਆਨਾ ਪ੍ਰਗਟਭਏ ਸਭ ਠਾਈ॥੩॥ ਸੋਈ ਗਿਆਨੀ ਸੋਈ ਧਿਆਨੀ ਸੋਈ ਪੁਰਖੁ ਸੁਭਾਈ ॥ ਕਹੁ ਨਾਨਕ ਜਿਸੁ ਭਏ ਦਇਆਲਾ ਤਾਕਉ ਮਨ ਤੇ ਬਿਸਰਿ ਨ ਜਾਈ ॥੪॥੮॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਨੇਮ ਨਾਲ ਕਰੋ, ਸਰਬ ਮਨੋਰਥ ਪੂਰਨ ਹੋਣ, ਸਤਿ ਕਰ ਜਾਣੋ ।

ਸ਼ਬਦ ਨੰਬਰ ੫੦ (ਪੰਨਾ ੬੨੧)

ਅਸਾਧ ਰੋਗ ਤੋਂ ਛੁਟਕਾਰਾ ਹੋਵੇ

ਸੋਰਠਿ ਮਹਲਾ ੫ ॥

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥ ਕੋਟਿ ਬਿਘਨ ਲਾਥੇ ਪ੍ਰਭ [illegible] ਪ੍ਰਗਟੇ ਭਏ ਸੰਜੋਗਾ ॥ ੧ ॥ ਪ੍ਰਭ ਬਾਣੀ ਸਬਦੁ ਸੁਭਾਖਿਆ॥ ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ ਰਹਾਉ ॥ ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇ-ਆਲਾ॥ ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁਪ੍ਰਤਿਪਾਲ[illegible]॥ ਹਰਿਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿਪਾਵਹੁ॥ਜਰਾਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ੩॥ ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ॥ ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥੪॥ ੧੧ ॥

ਇਸ਼ ਸ਼ਬਦ ਦਾ ੧੦੯ ਪਾਠ ੪੧ ਦਿਨ ਨੇਮ ਨਾਲ ਕਰੋ, ਨਿਸਚੇ ਹੀ ਸਭ ਪ੍ਰਕਾਰ ਦੇ ਰੋਗ ਹਟ ਜਾਣਗੇ ।

ਸ਼ਬਦ ਨੰਬਰ ੫੧ (ਪੰਨਾ ੭੨੨)

ਹੰਕਾਰੀ ਦਾ ਹੰਕਾਰ ਟੁਟੇ

ਤਿਲੰਗ ਮਹਲਾ ੫ ॥

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥ ਜਾਤਿ ਸਨਾਤੀਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥ ੧ ॥

ਇਸ ਸ਼ਬਦ ਦਾ ੧੦੯ ਪਾਠ ੪੧ ਦਿਨ ਕਰੋ। ਵਡੇ ਤੋਂ ਵਡਾ ਅਭਿਮਾਨੀ ਸ਼ਰਨ ਪਵੇ।

ਸ਼ਬਦ ਨੰਬਰ ੪੨ (ਪੰਨਾ ੭੨੩)

ਅਫਸਰ ਸਤਿਕਾਰ ਕਰਨ

ਤਿਲੰਗ ਮਹਲਾ ੫ ॥

ਤੁਧੁ ਬਿਨੁ ਦੂਜਾ ਨਾਹੀ ਕੋਇ ॥ ਤੂੰ ਕਰਤਾਰੁ ਕਰਹਿ ਸੋ ਹੋਇ ॥ ਤੇਰਾ ਜੋਰੁ ਤੇਰੀ ਮਨਿ ਟੇਕ ॥ ਸਦਾ ਸਦਾ ਜਪਿ ਨਾਨਕ ਏਕ॥੧॥ ਸਭ ਊਪਰਿ ਪਾਰਬ੍ਰਹਮੁ ਦਾਤਾਰੁ ॥ਤੇਰੀ ਟੇਕ ਤੇਰਾ ਆਧਾਰੁ ॥ ਰਹਾਉ॥ ਹੈ ਤੂਹੈ ਤੂ ਹੋਵਨਹਾਰ ॥ਅਗਮ ਅਗਾਧਿ ਊਚ ਅਪਾਰ ॥ ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ॥ਗੁਰ ਪਰਸਾਦਿ ਨਾਨਕ ਗੁਣਗਾਹਿ ॥੨॥ ਜੋ ਦੀਸੈ ਸੋ ਤੇਰਾ ਰੂਪੁ। ਗੁਣ ਨਿਧਾਨ ਗੋਵਿੰਦ ਅਨੂਪ ॥ ਸਿਮਰਿ ਸਿਮਰਿ ਸਿਮਰਿ ਜਨ ਸੋਇ ॥ ਨਾਨਕਕਰਮਿਪਰਾਪਤਿਹੋਇ।੩। ਜਿਨਿਜਪਿਆ ਤਿਸ ਕਉ ਬਲਿਹਾਰ॥ ਤਿਸਕੈ ਸੰਗਿ ਤਰੈ ਸੰਸਾਰ ਕਹੁ ਨਾਨਕ ਪ੍ਰਭ ਲੋਚਾ ਪੂਰਿ ॥ ਸੰਤ ਜਨਾ ਕੀ ਬਾਛਉ ਧੂਰਿ।੪।੨।

ਇਸ ਸ਼ਬਦ ਦੇ ੧੦੮ ਪਾਠ ਠੀਕ ੪੧ ਦਿਨ ਕਰ ਲਓ। ਫੇਰ ਤੁਸੀਂ ਜਿਸ ਅਫਸਰ ਸਾਹਮਣੇ ਜਾਓਗੇ ਉਹ ਤੁਹਾਡਾ ਪੂਰਾ ਸ਼ਤਿਕਾਰ ਕਰੇਗਾ।

ਸ਼ਬਦ ਨੰਬਰ ੫੩ (ਪੰਨਾ ੭੨੪)

ਮੌਤ ਦਾ ਡਰ ਦੂਰ ਹੋਵੇ

ਤਿਲੰਗ ਮਹਲਾ ੫ ॥

ਕਰਤੇ ਕੁਦਰਤੀ ਮੁਸਤਾਕੁ ॥ ਦੀਨ ਦੁਨੀਆ ਏਕ ਤੂਹੀ ਸਭ ਖਲਕ ਹੀ ਤੇ ਪਾਕੁ॥ਰਹਾਉ॥ਖਿਨ ਮਾਹਿ ਥਾਪਿ ਉਥਾਪਦਾ ਆਚਰਜ ਤੇਰੇ ਰੂਪ ॥ ਕਉਣੁ ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ ॥ ੧ ॥ਖੁਦਿ ਖਸਮ ਖਲਕ ਜਹਾਨ ਅਲਹ ਮਿਹਰਵਾਨ ਖੁਦਾਇ ॥ ਦਿਨਸੁ ਰੈਣਿ ਜਿ ਤੁਧੁ ਅਰਾਧੇ ਸੋ ਕਿਉ ਦੋਜਕਿ ਜਾਇ ॥੨॥ ਅਜਰਾਈਲ ਯਾਰੁ ਬੰਦੇ ਜਿਸੁ ਤੇਰਾ ਆਧਾਰੁ ॥ ਗੁਨਹ ਉਸਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰੁ ॥ ੩ ॥ ਦੁਨੀਆ ਚੀਜ ਫਿਲਹਾਲ ਸਗਲੇ ਸਚੁ ਸੁਖੁ ਤੇਰਾ ਨਾਉ ॥ ਗੁਰ ਮਿਲਿ ਨਾਨਕ ਬੂਝਿਆ ਸਦਾ ਏਕਸੁ ਗਾਉ ॥੪॥੪॥

ਇਹ ਸ਼ਬਦ ਦਾ ੧੦੮ ਪਾਠ ੪੧ ਦਿਨ ਲਗਾਤਾਰ ਕਰੋ ਜਮਾਂ ਦਾ ਡਰ ਦੂਰ ਹੋ ਜਾਂਦਾ ਹੈ। ਤੇ ਜਿਸ ਮਰਨੈ ਤੇ ਜਗ ਡਰੇ ਮੇਰੇ ਮਨ ਅਨੰਦ, ਦੀ ਦਵਾ ਹੋ ਜਾਂਦੀ ਹੈ।

ਸ਼ਬਦ ਨੰਬਰ ੫੪ (ਪੰਨਾ ੭੩੫)

ਕੋਹੜ ਰੋਗ ਤੋਂ ਛੁਟਕਾਰਾ ਹੋਵੇ

ਸੂਹੀ ਮਹਲਾ ੪ ॥

ਜਿਨ ਕੈ ਅੰਤਰਿ ਵਾਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਇ॥ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ॥ਤਿਨ ਪਵਿਤੁ ਪਰਮਪਦ ਪਾਇ ॥੧॥ ਮੇਰੇ ਰਾਮ ਹਰਿ ਜਨ ਆਰੋਗ ਭਏ ॥ ਗੁਰਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥ ੧ ॥ ਰਹਾਉ ॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਕੋਹੜ ਦੂਰ ਹੋ ਜਾਂਦਾ ਹੈ।ਇਹ ਪਾਠ ਕਰਕੇ ਫੇਰ ਤਰਨ ਤਾਰਨ ਤਥਾ ਅੰਮ੍ਰਿਤਸਰ ਸਰੋਵਰ ਪਰ ੪੧ ਦਿਨ ਰੋਜ਼ ਇਸ਼ਨਾਨ ਕਰੋ।

ਸ਼ਬਦ ਨੰਬਰ ੫੫ (ਪੰਨਾ ੭੪੬)

ਅੱਧੇ ਸਿਰ ਦੀ ਪੀੜ ਹਟੇ

ਸੂਹੀ ਮਹਲਾ ੫ ॥

ਤਉ ਮੈ ਆਇਆ ਸਰਨੀ ਆਇਆ॥ ਭਰੋਸੈ ਆਇਆ ਕਿਰਪਾ ਆਇਆ ॥ ਜਿਉ ਭਾਵੈ ਤਿਉ ਰਾਖਹੁ ਸੁਆਮੀ ਮਾਰਗੁ ਗੁਰਹਿ ਪਠਾਇਆ ॥੧ ॥ਰਹਾਉ ॥ ਮਹਾ ਦੁਤਰੁ ਮਾਇਆ ॥ ਜੈਸੇ ਪਵਨੁ ਝੁਲਾਇਆ ॥ ੧ ॥ ਸੁਨਿ ਸੁਨਿ ਹੀ ਡਰਾਇਆ ॥ ਕਰਰੋ ਧ੍ਰਮਰਾਇਆ ॥੨॥ ਗ੍ਰਿਹ ਅੰਧ ਕੂਪਾਇਆ ॥ ਪਾਵਕੁ ਸਗਰਾਇਆ ॥ ੩ ॥ ਗਹੀ ਓਟ ਸਾਧਾਇਆ॥ ਨਾਨਕ ਹਰਿ ਧਿਆਇਆ ॥ ਅਬ ਮੈ ਪੂਰਾ ਪਾਇਆ ॥੪॥੩॥੪੬॥

ਇਸ ਸ਼ਬਦ ਦੇ ੧੦੮ ਪਾਠ ੪੧ ਦਿਨ ਕਰ ਲਓ । ਫਿਰ ਪੰਜ ਲਾਚੀਆਂ ਮੰਤ੍ਰਕੇ ਜਿਸ ਨੂੰ ਦਿਓਗੇ, ਓਸ ਦੀ ਅੱਧੇ ਸਿਰ ਦੀ ਦਰਦ ਹਟ ਜਾਵੇਗੀ ।

ਸ਼ਬਦ ਨੰਬਰ ੫੬ (ਪੰਨਾ ੭੪੮)

ਚਾਰੇ ਪਾਸੇ ਕੋਟ ਹੋ ਜਾਵੇ

ਸੂਹੀ ਮਹਲਾ ੫ ॥

ਮਹਾ ਅਗਨਿ ਤੇ ਤੁਧੁ ਹਾਥ ਦੇ ਰਾਖੇ ਪਏ ਤੇਰੀ ਸਰਣਾਈ॥ ਤੇਰਾ ਮਾਣੁ ਤਾਣੁ ਰਿਦ ਅੰਤਰਿ ਹੋਰ ਦੂਜੀ ਆਸ ਚੁਕਾਈ॥੧॥ ਮੇਰੇ ਰਾਮ ਰਾਇ ਤੁਧੁ ਚਿਤਿ ਆਇਐ ਉਬਰੇ ॥ ਤੇਰੀ ਟੇਕ ਭਰਵਾਸਾ ਤੁਮ੍ਰਾ ਜਪਿ ਨਾਮੁ ਤੁਮ੍ਾਰਾ ਉਧਰੇ॥੧॥ਰਹਾਉ॥ ਅੰਧ ਕੂਪ ਤੇ ਕਾਢਿ ਲੀਏ ਤੁਮ੍ ਆਪਿ ਭਏ ਕਿਰਪਾਲਾ ॥ ਸਾਰਿ ਸਮਾਲਿ ਸਰਬ ਸੁਖ ਦੀਏ ਆਪਿ ਕਰੇ ਪ੍ਰਤਿਪਾਲਾ ॥੨॥ ਆਪਣੀ ਨਦਰਿ ਕਰੇ ਪਰਮੇਸਰੁ ਬੰਧਨ ਕਾਟਿ ਛਡਾਏ ॥ ਆਪਣੀ ਭਗਤਿ ਪ੍ਰਭਿ ਆਪਿ ਕਰਾਈ ਆਪੇ ਸੇਵਾ ਲਾਏ ॥ ੩ ॥ ਭਰਮੁ ਗਇਆ ਭੈ ਮੋਹ ਬਿਨਾਸੇ ਮਿਟਿਆ ਸਗਲ ਵਿਸੂਰਾ ॥ ਨਾਨਕ ਦਇਆ ਕਰੀ ਸੁਖ ਦਾਤੈ ਭੇਟਿਆ ਸਤਿਗੁਰੂ ਪੂਰਾ ॥੪॥੫॥੫੨॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਤੁਸੀਂ ਲੱਖਾਂ ਰੁਪੈ ਲੈਕੇ ਜੰਗਲ ਵਿਚ ਰਾਤ ਠਹਿਰ ਜਾਵੋ, ਤੁਹਾਡੇ ਚਾਰੋਂ ਪਾਸੇ ਲੋਹੇ ਦਾ ਕੋਟ ਹੋ ਜਾਵੇਗਾ, ਚੋਰ ਨੇੜੇ ਨਹੀਂ ਆਵੇਗਾ।

ਸ਼ਬਦ ਨੰਬਰ ੫੩ (ਪੰਨਾ ੭੪੨)

ਪੇਟ ਦੇ ਰੋਗ ਤੇ ਦਰਦ ਫੌਰਨ ਹਟੇ

ਸੂਹੀ ਮਹਲਾ ੫ ॥

ਅਨਿਕ ਬੀਂਗ ਦਾਸ ਕੇ ਪਰਹਰਿਆ ॥ ਕਰਿ ਕਿਰਪਾ ਪ੍ਰਭਿ ਅਪਨਾ ਕਰਿਆ ॥ ੧ ॥ ਤੁਮਹਿ ਛਡਾਇ ਲੀਓ ਜਨੁ ਅਪਨਾ ॥ ਉਰਝਿ ਪਰਿਓ ਜਾਲੁ ਜਗੁ ਸੁਪਨਾ ॥੧॥ ਰਹਾਉ ॥ ਪਰਬਤ ਦੋਖ ਮਹਾ ਬਿਕਰਾਲਾ ॥ ਖਿਨ ਮਹਿ ਦੂਰਿ ਕੀਏ ਦਇਆਲਾ ॥੨॥ ਸੋਗ ਰੋਗ ਬਿਪਤਿ ਅਤਿਭਾਰੀ ਦੂਰਿ ਭਈ ਜਪਿ ਨਾਮੁ ਮੁਰਾਰੀ ॥੩॥ ਦ੍ਰਿਸਟਿ ਧਾਰਿ ਲੀਨੋ ਲੜਿ ਲਾਇ ॥ ਹਰਿ ਚਰਣ ਗਹੇ ਨਾਨਕ ਸਰਣਾਇ ॥੪॥੨੨॥੨੮॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰ ਲੈਣ ਨਾਲ ਪੇਟ ਦੀ ਦਰਦ ਤੇ ਪੇਟ ਦੇ ਰੋਗ ਹਟਣ।

ਸ਼ਬਦ ਨੰਬਰ ੫੦ (ਪੰਨਾ ੭੪੫)

ਗਰੀਬੀ ਦੂਰ ਹੋਵੇ

ਸੂਹੀ ਮਹਲਾ ੫ ॥

ੴ ਸਤਿਗੁਰ ਪ੍ਰਸਾਦਿ ॥ ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਇ ॥ਕਿਤਹੀਕਾਮਿਨ ਧਉਲਹਰ ਜਿਤੁ ਹਰਿ ਬਿਸਰਾਇ ॥੧॥ ਰਹਾਉ ॥ ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ ॥ ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਇ॥੨॥ ਪੀਸਨੁ ਪੀਸਿ ਓਢਿ ਕਾਮਰੀਸੁਖੁ ਮਨੁ ਸੰਤੋਖਾਏ ॥ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ।੩॥ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥ ਪਾਠਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥ ਸਭੁ ਕਿਛੁ ਤੁਮ੍ਰੈ ਹਾਥਿ ਪ੍ਰਭ ਆਪਿ ਕਰੇ ਕਰਾਏ॥ ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ॥੪॥੧॥੪੧॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਨੇਮ ਨਾਲ ਕਰੋ। ਯਕੀਨਨ ਗਰੀਬੀ ਦਲਿਦ੍ਰਤਾ ਦੂਰ ਹੋਵੇ।

ਸ਼ਬਦ ਨੰਬਰ ੫੯ (ਪੰਨਾ ੭੩੮)

ਅਮੋਲਕ ਦਾਤਾਂ ਪ੍ਰਾਪਤ ਹੋਣ

ਸੂਹੀ ਮਹਲਾ ੫ ॥

ਕਿਆ ਗੁਣ ਤੇਰੇ ਸਾਰਿ ਸਮ੍ਾਲੀ ਮੋਹਿ ਨਿਰਗੁਨ ਕੇ ਦਾਤਾਰੇ ॥ ਬੈ ਖਰੀਦੁ ਕਿਆ ਕਰੇ ਚਤੁਰਾਈ ਇਹ ਜੀਉ ਪਿੰਡ ਸਭੁ ਥਾਰੇ ॥੧॥ ਲਾਲ ਰੰਗੀਲੇ ਪ੍ਰੀਤਮ ਮਨਮੋਹਨ ਤੇਰੇ ਦਰਸਨ ਕਉ ਹਮ ਬਾਰੇ ॥੧॥ਰਹਾਉ॥ਪ੍ਰਭੁ ਦਾਤਾ ਮੋਹਿ ਦੀਨ ਭੇਖਾਰੀ ਤੁਮ੍ ਸਦਾ ਸਦਾ ਉਪਕਾਰੇ ॥ ਸੋ ਕਿਛੁ ਨਾਹੀ ਜਿ ਮੈ ਤੇ ਹੋਵੈ ਮੇਰੇ ਠਾਕੁਰ ਅਗਮ ਅਪਾਰੇ ॥੨॥ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ ਬਿਧਿ ਕਿਤੁ ਪਾਵਉ ਦਰਸਾਰੇ ॥ ਮਿਤਿ ਨਹੀ ਪਾਈਐ ਅੰਤੁ ਨ ਲਹੀਐ ਮਨੁ ਤਰਸੈ ਚਰਨਾਰੇ ॥੩॥ ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ॥ਜਨ ਨਾਨਕ ਕਉ ਗੁਰ ਕਿਰਪਾ ਧਾਰੀ ਪ੍ਰਭਿ ਹਾਥ ਦੇਇ ਨਿਸਤਾਰੇ॥੪॥੬॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਕੇ ਗਰੀਬਾਂ ਨੂੰ ਭੋਜਨ ਛਕਾਉਣ ਨਾਲ ਮੂੰਹੋਂ ਮੰਗੀਆਂ ਮੁਰਾਦਾਂ ਮਿਲਣਗੀਆਂ।

ਸ਼ਬਦ ਨੰਬਰ ੬੦ (ਪੰਨਾ ੭੪੧)

ਬਿਖੜੇ ਥਾਂ ਸਹਿਜ ਹੋਣ, ਵਾਲ ਨਾ ਵਿੰਗਾ ਹੋਵੇ

ਸੂਹੀ ਮਹਲਾ ੫ ॥

ਗੁਰੁ ਪਰਮੇਸਰੁ ਕਰਣੈਹਾਰ॥ ਸਗਲ ਸ੍ਰਿਸਟਿ ਕਉ ਦੇ ਆਧਾਰੁ॥੧॥ ਗੁਰ ਕੇ ਚਰਣ ਕਮਲ ਮਨ ਧਿਆਇ॥ ਦੂਖੁ ਦਰਦੁ ਇਸੁ ਤਨ ਤੇ ਜਾਇ ॥੧॥ ਰਹਾਉ ॥ ਭਵਜਲਿ ਡੂਬਤ ਸਤਿਗੁਰੁ ਕਾਢੈ ॥ ਜਨਮ ਜਨਮ ਕਾ ਟੂਟਾ ਗਾਢੈ॥੨॥ ਗੁਰ ਕੀ ਸੇਵਾ ਕਰਹੁ ਦਿਨ ਰਾਤਿ ॥ ਸੂਖ ਸਹਜ ਮਨਿ ਆਵੈ ਸਾਂਤਿ॥੩॥ ਸਤਿਗੁਰ ਕੀ ਰੇਣੁ ਵਡਭਾਗੀ ਪਾਵੈ ॥ ਨਾਨਕ ਗੁਰ ਕਉ ਸਦ ਬਲਿ ਜਾਵੈ॥੪॥੧੬॥੨੨॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਔਖੇ ਸਫਰ ਵਿਚ ਕੋਈ ਮੁਸ਼ਕਲ ਨ ਆਵੇ ।

ਸ਼ਬਦ ਨੰਬਰ ੬੧ (ਪੰਨਾ ੭੪੯)

ਸਾਇਆ ਤਵੀਤ ਨ ਛੂਹੇ

ਸੂਹੀ ਮਹਲਾ ੫ ॥

ਜਿਸਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥ ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥੧॥ ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ॥ ੧॥ ਰਹਾਉ॥ ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ ਕਾ ਜਨਮ ਮਰਣ ਦੁਖੁ ਨਾਸਾ॥ ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥ ਨਾਮ ਧਿਆਇਨਿ ਸੁਖ ਫਲ ਪਾਇਨਿ ਆਠ ਪਹਿਰ ਆਰਾਧਹਿ॥ ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ॥੩॥ ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰੁ ਨ ਜਾਣਾ ਤੇਰੀ ॥ ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਨੇਮ ਨਾਲ ਕਰੋ, ਸਭ ਪ੍ਰਕਾਰ ਦੀ ਛਾਇਆ ਦੂਰ ਹੋਵੇ ।

ਸ਼ਬਦ ਨੰਬਰ ੬੨ (ਪੰਨਾ ੭੫੭)

ਰੁੱਸੇ ਹੋਏ ਮਿੱਤਰ ਬਣਨ

ਸੂਹੀ ਮਹਲਾ ੫ ॥

ੴ ਸਤਿਗੁਰ ਪ੍ਰਸਾਦਿ॥ ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥੧॥ ਦਰਸਨੁ ਹਰਿ ਦੇਖਣ ਕੈ ਤਾਈ ॥ ਕ੍ਰਿਪਾ ਕਰਹਿ ਤਾ ਸਤਿਗੁਰੂ ਮੇਲਹਿ ਹਰਿ ਹਰਿ ਨਾਮੁ ਧਿਆਈ॥੧॥ ਰਹਾਉ॥ ਜੇ ਸੁਖੁ ਦੇਹਿ ਤਾ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥੨॥ ਜੇ ਭੁਖ ਦੇਹਿ ਤਾ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ ੪ ॥ ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥ ੫ ॥ ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥੬ ॥

ਇਸ ਸ਼ਬਦ ਦੇ ੧੦੮ ਪਾਠ ਠੀਕ ੪੧ ਦਿਨ ਕਰ ਲਓ ਫਿਰ ਰੁਸੇ ਮਿਤਰ ਬਣ ਜਾਣਗੇ ।

ਸ਼ਬਦ ਨੰਬਰ ੬੩ (ਪੰਨਾ ੮੦੫)

ਗਰਧ ਦੀ ਰਖਿਆ ਹੋਵੇ

ਬਿਲਾਵਲੁ ਮਹਲਾ ੫ ॥

ਮਾਤ ਗਰਭ ਮਹਿ ਹਾਥ ਦੇ ਰਾਖਿਆ ॥ ਹਰਿ ਰਸੁ ਛੋਡਿ ਬਿਖਿਆ ਫਲੁ ਚਾਖਿਆ ॥੧॥ ਭਜੁ ਗੋਬਿੰਦ ਸਭ ਛੋਡਿ ਜੰਜਾਲ ॥ ਜਬ ਜਮੁ ਆਏ ਸੰਘਾਰੈ ਮੂੜੇ ਤਬ ਤਨੁ ਬਿਨਸਿ ਜਾਇ ਬੇਹਾਲ ੧ ॥ ਰਹਾਉ ॥ ਤਨੁ ਮਨੁ ਧਨੁ ਅਪਨਾ ਕਰਿ ਥਾਪਿਆ॥ ਕਰਨਹਾਰੁ ਇਕ ਨਿਮਖ ਨਾ ਜਾਪਿਆ॥ ੨॥ ਮਹਾ ਮੋਹ ਅੰਧ ਕੂਪ ਪਰਿਆ ॥ ਪਾਰਬ੍ਰਹਮੁ ਮਾਇਆ ਪਟਲਿ ਬਿਸਰਿਆ ॥੩॥ ਵਡੈ ਭਾਗਿ ਪ੍ਰਭ ਕੀਰਤਨ ਗਾਇਆ ॥ ਸੰਤ ਸੰਗਿ ਨਾਨਕ ਪ੍ਰਭੁ ਪਾਇਆ ॥੪॥੧੧॥ ੧੬ ॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਗਰਭ ਦੀ ਰਖਿਆ ਹੋਵੇ ਤੇ ਲੜਕਾ ਉਤਪੰਨ ਹੋਵੇ

ਸ਼ਬਦ ਨੰਬਰ ੬੪ (ਪੰਨਾ ੮੦੭)

ਪੇਟ ਰੋਗ ਹਟੌਣ ਲਈ

ਬਿਲਾਵਲੁ ਮਹਲਾ ੫ ॥
ਤਾਪ ਸੰਤਾਪ ਸਗਲੇ ਗਏ ਬਿਨਸੇ ਤੇ ਰੋਗ ॥ ਪਾਰਬ੍ਰਹਮਿ ਤੂ ਬਖਸਿਆ ਸੰਤਨ ਰਸ ਭੋਗ ॥ ਰਹਾਉ ॥ ਸਰਬ ਸੁਖਾ ਤੇਰੀ ਮੰਡਲੀ ਤੇਰਾ ਮਨੁ ਤਨੁ ਆਰੋਗ ॥ ਗੁਨ ਗਾਵਹੁ ਨਿਤ ਰਾਮ ਕੇ ਇਹ ਅਵਖਦ ਜੋਗ ॥ ੧ ॥ ਆਇ ਬਸਹੁ ਘਰ ਦੇਸ ਮਹਿ ਇਹ ਭਲੇ ਸੰਜੋਗ ॥ ਨਾਨਕ ਪ੍ਰਭ ਸੁਪ੍ਰਸੰਨ ਭਏ ਲਹਿ ਗਏ ਬਿਓਗ॥੨॥੧੦॥੨੮॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਕੇ ੩ ਲੌਂਗ ਦੇਣ ਨਾਲ ਪੇਟ ਦੇ ਸਭ ਰੋਗ ਨਿਸਚੇ ਹੀ ਦੂਰ ਹੋਣ ।

ਸ਼ਬਦ ਨੰਬਰ ੬੫ (ਪੰਨਾ ੮੧੨)

ਅਠਰਾਹ ਰੋਗ ਹਟੇ

ਬਿਲਾਵਲੁ ਮਹਲਾ ੫॥
ਏਕ ਟੇਕ ਗੋਵਿੰਦਕੀ ਤਿਆਗੀ ਅਨ ਆਸ॥ ਸਭ ਊਪਰਿ ਸਮਰਥ ਪ੍ਰਭ ਪੂਰਨ ਗੁਣਤਾਸ॥੧॥ ਜਨ ਕਾ ਨਾਮੁ ਅਧਾਰੁ ਹੈ ਪ੍ਰਭ ਸਰਣੀ ਪਾਹਿ ॥ ਪਰਮੇਸਰ ਕਾ ਆਸਰਾ ਸੰਤਨ ਮਨ ਮਾਹਿ ॥ ੧॥ ਰਹਾਉ ॥ ਆਪਿ ਰਖੇ ਆਪਿ ਦੇਵਸੀ ਆਪੇ ਪ੍ਰਤਿਪਾਰੈ ॥ ਦੀਨ ਦਇਆਲ ਕ੍ਰਿਪਾਨਿਧੇ ਸਾਸਿ ਸਾਸਿ ਸਮਾਰੈ ॥੨॥ ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ॥ ਗੁਰਿ ਪੂਰੈ ਉਪਦੇਸਿਆ ਸੁਖੁ ਖਸਮ ਰਜਾਈ॥੩॥ ਚਿੰਤ ਅੰਦੇਸਾ ਗਣਤ ਤਜਿ ਜਨਿ ਹੁਕਮੁ ਪਛਾਤਾ ॥ ਨਹ ਬਿਨਸੈ ਨਹ ਛੋਡਿ ਜਾਇ ਨਾਨਕ ਰੰਗਿ ਰਾਤਾ॥੪॥੧੮॥੪੮॥

ਇਸ ਸ਼ਬਦ ਦੇ ੧੦੮ ਪਾਠ ਠੀਕ ੪੧ ਦਿਨ ਕਰ ਲਓ ਅਠਰਾਹ ਰੋਗ ਹਟੇ ਤੇ ਪੂਰੇ ੯ ਮਹੀਨੇ ਬਾਦ ਲੜਕਾ ਹੋਵੇ ।

ਸ਼ਬਦ ਨੰਬਰ ੬੬ (ਪੰਨਾ ੮੧੬)

ਕਰਜੇ ਦਾ ਭਾਰ ਲਥੇ

ਬਿਲਾਵਲੁ ਮਹਲਾ ੫ ॥

ਜੀਅ ਜੰਤ ਸੁਪ੍ਰਸੰਨ ਭਏਦੇਖਿ ਪ੍ਰਭ ਪਰਤਾਪ ਕਰਜੁ ਉਤਾਰਿਆ ਸਤਿਗੁਰੂਕਰਿ ਆਹਰੁ ਆਪ ॥੧॥ਖਾਤ ਖਰਖਤ ਨਿਬਹਤ ਰਹੈ ਗੁਰ ਸਬਦੁ ਅਖੂਟ॥ ਪੂਰਨ ਭਈ ਸਮਗਰੀ ਕਬਹੂ ਨਹੀ ਤੂਟ ॥੧॥ ਰਹਾਉ ॥ ਸਾਧ ਸੰਗਿ ਆਰਾਧਨਾ ਹਰਿ ਨਿਧਿ ਆਪਾਰ। ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ॥੨॥ ਭਗਤ ਆਰਾਧਹਿ ਏਕ ਰੰਗਿ ਗੋਬਿੰਦ ਗੁਪਾਲ ॥ ਰਾਮ ਨਾਮ, ਧਨੁ ਸੰਚਿਆ ਜਾਕਾ ਨਹੀ ਸੁਮਾਰੁ ॥ ੩ ॥ ਸਰਨਿ ਪਰੇ ਪ੍ਰਭ ਤੇਰੀਆ ਪ੍ਰਭ ਕੀ ਵਡਿਆਈ॥ ਨਾਨਕ ਅੰਤੁ ਨ ਪਾਈਐ ਬੇਅੰਤ ਗੁਸਾਈ ॥੪॥੩੨॥੬੨॥

ਇਸ ਸ਼ਬਦ ਦੇ ੧੦੮ ਪਾਠ ਠੀਕ ੪੧ ਦਿਨ ਕਰ ਲਓ, ਸਿਰ ਤੋਂ ਕਰਜ਼ੇ ਦਾ ਭਾਰ ਲਥ ਜਾਵੇਗਾ, ਅਜਮਾਇਆ ਸ਼ਬਦ ਹੈ।

ਸ਼ਬਦ ਨੰਬਰ ੬੭ (ਪੰਨਾ ੮੧੩)

ਜਿੰਨ ਭੂਤ ਦਾ ਡਰ ਦੂਰ ਹੋਵੇ

ਬਿਲਾਵਲੁ ਮਹਲਾ ੫ ॥

ਮਹਾ ਤਪਤਿ ਤੇ ਭਈ ਸਾਂਤਿ ਪਰਸਤ ਪਾਪ ਨਾਠੇ॥ਅੰਧ ਕੂਪ ਮਹਿ ਗਲਤ ਥੇ ਕਾਢੇ ਦੇ ਹਾਥੇ ॥੧॥ਓਇ ਹਮਾਰੇ ਸਾਜਨਾ ਹਮ ਉਨ ਕੀ ਰੇਨ॥ ਜਿਨ ਭੇਟਤ ਹੋਵਤ ਸੁਖੀ ਜੀਅ ਦਾਨੁ ਦੇਨ॥੧॥ ਰਹਾਉ॥ਪਰਾਪੂਰਬਲਾ ਲਿਖਿਆ ਮਿਲਿਆ ਅਬ ਆਇ ॥ ਬਸਤ ਸੰਗਿ ਹਰਿ ਸਾਧ ਕੇ ਪੂਰਨ ਆਸਾਇ ॥੨॥ ਭੈ ਬਿਨਸੇ ਤਿਹੁ ਲੋਕ ਕੇ ਪਾਏ ਸੁਖ ਥਾਨ ॥ਦਇਆ ਕਰੀ ਸਮਰਥ ਗੁਰਿ ਬਸਿਆ ਮਨਿ ਨਾਮ ॥੩॥ ਨਾਨਕ ਕੀ ਤੂ ਟੇਕ ਪ੍ਰਭ ਤੇਰਾ ਆਧਾਰ ॥ ਕਰਣ ਕਾਰਣ ਸਮਰਥ ਪ੍ਰਭ ਹਰਿ ਅਗਮ ਅਪਾਰ ॥੪॥੧੯॥੪੯॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਜਿਨ, ਭੂਤ, ਸਾਇਆ ਦਾ ਡਰ ਦੂਰ ਹੋਵੇ।

ਸ਼ਬਦ ਨੰਬਰ ੬੨ (ਪੰਨਾ ੮੧੭)

ਅਸਾਧ ਰੋਗ ਹਟੇ

ਬਿਲਾਵਲੁ ਮਹਲਾ ੫ ॥

ਹਰਿ ਹਰਿ ਹਰਿ ਆਰਾਧੀਐ ਹੋਈਐ ਆਰੋਗ ॥ ਰਾਮਚੰਦ ਕੀ ਲਸਟਿਕਾ ਜਿਨਿ ਮਾਰਿਆ ਰੋਗੁ ॥੧॥ਰਹਾਉ ॥ ਗੁਰੁ ਪੂਰਾ ਹਰਿ ਜਾਪੀਐ ਨਿਤ ਕੀਚੈ ਭੋਗੁ॥ ਸਾਧ ਸੰਗਤਿ ਕੈ ਵਾਰਣੈ ਮਿਲਿਆ ਸੰਜੋਗੁ।੧॥ ਜਿਸੁ ਸਿਮਰਤ ਸੁਖੁ ਪਾਈਐ ਬਿਨਸੈ ਬਿਓਗੁ॥ ਨਾਨਕ ਪ੍ਰਭ ਸਰਣਾਗਤੀ ਕਰਣ ਕਾਰਣ ਜੋਗੁ ॥ ੪॥੩੪॥੬੫॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਅਸਾਧ ਰੋਗ ਹਟੇ ਅਤੇ ਸਰੀਰ ਦਿਨ ਬ-ਦਿਨ ਅਰੋਗ ਹੋਵੇ।

ਸ਼ਬਦ ਨੰਬਰ ੬੯ (ਪੰਨਾ ੮੧੭)

ਮੁਰਾਤਬਾ ਪਰਾਪਤ ਹੋਵੇ

ਬਿਲਾਵਲੁ ਮਹਲਾ ੫ ॥

ਕਰੁ ਧਰਿ ਮਸਤਕਿ ਥਾਪਿਆ ਨਾਮੁ ਦੀਨੋ ਦਾਨਿ॥ ਸਫਲ ਸੇਵਾ ਪਾਰਬ੍ਰਹਮ ਤਾ ਕੀ ਨਹੀ ਹਾਨਿ॥੧॥ ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ ॥ ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ॥੫॥ਰਹਾਉ ॥ ਸਰਣਿ ਪਰੇ ਚਰਣਾਰਬਿੰਦ ਜਨਪ੍ਰਭ ਕੇਪ੍ਰਾਨ॥ਸਹਜਿ ਸੁਭਾਇ ਨਾਨਕ ਮਿਲੈ ਜੋਤੀ ਜੋਤਿ ਸਮਾਨ ॥੨॥੨॥੬੬॥

ਇਸ ਸ਼ਬਦ ਦਾ੧੦੮ ਪਾਠ ੪੧ ਦਿਨ ਕਰਨ ਨਾਲ ਰਾਜ ਦਰਬਾਰੋਂ ਮੁਰਾਤਬਾ ਪ੍ਰਾਪਤ ਹੋਵੇ। ਸਤਿਕਾਰ ਵਧੇ।

ਸ਼ਬਦ ਨੰਬਰ ੭੦ (ਪੰਨਾ ੮੧੮)

ਇਮਤਿਹਾਨ ਵਿਚੋਂ ਪਾਸ ਹੋਵੇ

ਬਿਲਾਵਲੁ ਮਹਲਾ ੫ ॥

ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਏ ਕਿਰਪਾਲ ॥ ਰਾਖਿ ਲੀਆ ਅਪਨਾ ਸੇਵਕੋ ਮੁਖਿ ਨਿੰਦਕ ਛਾਰੁ ॥੧॥ ਤੁਝਹਿ ਨ ਜੋਹੈ ਕੋ ਮੀਤ ਜਨ ਤੂੰ ਗੁਰ ਕਾ ਦਾਸ॥ ਪਾਰਬ੍ਰਹਮਿ ਤੂ ਰਾਖਿਆ ਦੇ ਅਪਨੇ ਹਾਥ॥੧॥ਰਹਾਉ॥ਜੀਅਨ ਕਾ ਦਾਤਾ ਏਕੁ ਹੈ ਬੀਆ ਨਹੀ ਹੋਰੁ ॥ ਨਾਨਕ ਕੀ ਬੇਨੰਤੀਆ ਮੈ ਤੇਰਾ ਜੋਰੁ ॥੨॥੬॥੭੩॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਨੇਮ ਨਾਲ ਪ੍ਰੀਖਿਆ ਤੋਂ ਪਹਿਲਾਂ ਕਰਨ ਨਾਲ ਇਮਤਿਹਾਨ ਵਿਚੋਂ ਅੱਵਲ ਆਵੇ।

ਸ਼ਬਦ ਨੰਬਰ ੭੧ (ਪੰਨਾ ੮੧੮)

ਮਨ ਦਾ ਦੁਖ ਹਟੇ ਤੇ ਟਿਕਾਉ ਹੋਵੇ

ਬਿਲਾਵਲੁ ਮਹਲਾ ੫ ॥

ਸਿਮਰਿ ਸਿਮਰਿ ਪ੍ਰਭੂ ਅਪਨਾ ਨਾਠਾ ਦੁਖ ਠਾਉ ॥ ਬਿਸ੍ਰਾਮ ਪਾਏ ਮਿਲਿ ਸਾਧਸੰਗਿ ਤਾ ਤੇ ਬਹੁੜਿ ਨ ਧਾਊ ॥੧॥ ਬਲਿਹਾਰੀ ਗੁਰ ਆਪਨੇ ਚਰੁਨਨ ਬਲਿ ਜਾਉ॥ ਅਨਦ ਸੂਖ ਮੰਗਲ ਬਨੇ ਪੇਖਤ ਗੁਨ ਗਾਉ ॥੧॥ਰਹਾਉ॥ ਕਥਾ ਕੀਰਤਨ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ॥ ਨਾਨਕ ਪ੍ਰਭ ਸੁਪ੍ਰਸੰਨ ਭਏ ਬਾਂਛਤ ਫਲ ਪਾਉ ॥੨॥੬॥ ੭੦॥

ਵਿਧੀ ਅਨੁਸਾਰ ੧੦੮ ਪਾਠ ੪੧ ਦਿਨ ਕਰਨ ਨਾਲ ਭੜਕਦਾ ਤੇ ਅਸ਼ਾਂਤ ਮਨ ਟਿਕਾਉ ਵਿਚ ਆਵੇ ਅਰ ਮਨ ਦਾ ਦੁਖ ਦੂਰ ਹੋਵੇ।

ਸ਼ਬਦ ਨੰਬਰ ੬੪ (ਪੰਨਾ ੮੧੮)

ਚੁਗਲ ਨਿੰਦਕ ਦਾ ਮੂੰਹ ਫਿਕਾ ਪੈ ਜਾਵੇ

ਬਿਲਾਵਲੁ ਮਹਲਾ ੫ ॥

ਮੀਤ ਹਮਾਰੇ ਸਾਜਨਾ ਰਾਖੇ ਗੋਵਿੰਦ ॥ ਨਿੰਦਕ ਮਿਰਤਕ ਹੋਇ ਗਏ ਤੁਮ੍ ਹੋਹੁ ਨਿਚਿੰਦ ॥੧॥ ਰਹਾਉ ॥ ਸਗਲ ਮਨੋਰਥ ਪ੍ਰਭਿ ਕੀਏ ਭੇਟੇ ਗੁਰਦੇਵ ॥ ਜੈ ਜੈਕਾਰੁ ਜਗਤ ਮਹਿ ਸਫਲ ਜਾ ਕੀ ਸੇਵ ॥੧॥ ਊਚ ਅਪਾਰ ਅਗਨਤ ਹਰਿ ਸਭਿ ਜੀਅ ਜਿਸੁ ਹਾਥਿ ॥ ਨਾਨਕ ਪ੍ਰਭ ਸਰਣਾਗਤੀ ਜਤ ਕਤ ਮੇਰੈ ਸਾਥਿ ॥੨॥੧੦॥੭੪॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਨੇਮ ਨਾਲ ਕਰ ਲੈਣ ਨਾਲ ਨਿੰਦਕ ਚੁਗਲ ਦਾ ਮੂੰਹ ਫਿਕਾ ਪੈ ਜਾਵੇਗਾ।

ਸ਼ਬਦ ਨੰਬਰ ੭੩ (ਪੰਨਾ ੭੮੩)

ਨਵਾਂ ਮਕਾਨ ਬਨੌਣ ਵਾਸਤੇ

ਸੂਹੀ ਮਹਲਾ ੫ ॥

ਘਰ ਮੰਦਰ ਹਟਨਾਲੇ ਸੋਮੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥ ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥ ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ ॥ ਸਗਲ ਸਮਗ੍ਰੀ ਪੂਰਨ ਹੋਈ ਮਨ ਇਛੇ ਫਲ ਪਾਏ ॥ ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ ॥ ਸਬਦਿ ਸਵਾਰੇ ਸਤਿਗੁਰਿ ਪੂਰੇ ਨਾਨਕ ਸਦ ਬਲ ਜਾਸੀ ॥੨॥

ਇਸ ਸ਼ਬਦ ਦੇ ੧੦੮ ਪਾਠ ਠੀਕ ੪੧ ਦਿਨ ਕਰ ਲਓ ਅਤੇ ਜਲ ਦੀ ਸ਼ੀਸ਼ੀ ਭਰਕੇ ਪਾਸ ਰਖੋ, ਓਹ ਜਲ ਮਕਾਨ ਦੀਆਂ ਨੀਹਾਂ ਰਖਣ ਤੋਂ ਪਹਿਲਾਂ ਪਾਵੋ, ਮਕਾਨ ਜੁਗਾਂ ਜੁਗਾਂ ਤਕ ਕਾਇਮ ਰਵ੍ਹੇਗਾ।

ਸ਼ਬਦ ਨੰਬਰ ੭੪ (ਪੰਨਾ ੭੮੩)

ਸ਼ੁਭ ਸਮਾਗਮ ਵਾਸਤੇ

ਸੂਹੀ ਮਹਲਾ ੫ ॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥ ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥ ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥

ਇਸ ਸ਼ਬਦ ਦਾ ੧੦੮ਪਾਠ ੪੧ ਦਿਨ ਕਰਨ ਨਾਲ ਸ਼ੁਭ ਕੰਮਾਂ ਵਿਚ ਗੁਰੂ ਸਹਾਇਤਾ ਕਰੇ।

ਸ਼ਬਦ ਨੰਬਰ ੭੫ (ਪੰਨਾ ੮੨੩)

ਕੰਮ ਵਿਗਾੜਨ ਵਾਲਾ ਨਾ ਮਰੇ ਨਾ ਜੀਵੇ

ਬਿਲਾਵਲੁ ਮਹਲਾ ੫ ॥

ਨਿੰਦਕੁ ਐਸੇ ਹੀ ਝਰਿ ਪਰੀਐ॥ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ ॥ ੧ ॥ ਰਹਾਉ ॥ ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ ॥ ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ ॥ ੧ ॥ ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ ਹਰਿਜਨ ਸਿਉ ਬਾਦੁ ਉਠਰੀਐ ॥ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ ਕਿਆ ਮਾਨਸ ਬਪੁਰੇ ਕਰੀਐ ॥੨॥੯॥੯੫॥

ਇਸ ਸ਼ਬਦ ਦੇ ੧੦੮ ਪਾਠ ਠੀਕ ੪੧ ਦਿਨ ਕਰਨ ਨਾਲ ਚੁਗਲ ਨਿੰਦਕ ਨਾ ਮਰੇ ਨਾ ਜੀਵੇ।

ਸ਼ਬਦ ਨੰਬਰ ੭੬ (ਪੰਨਾ ੮੨੩)

ਚਮੜੀ ਦੀ ਬਿਮਾਰੀ ਹਟੇ, ਐਗਜ਼ੀਮਾ ਹਟੇ

ਬਿਲਾਵਲੁ ਮਹਲਾ ੫ ॥

ਗੁਰਿ ਪੂਰੇ ਮੇਰੀ ਰਾਖਿ ਲਈ ॥ ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ॥੧॥ ਰਹਾਉ॥ ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ॥ਕਹਾ ਕਰੈਕੋਈ ਬੇਚਾਰਾ ਪ੍ਰਭ ਮੇਰੇਕਾ ਬਡ ਪਰਤਾਪੁ॥੧॥ ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ॥ਤਾਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ ॥੨॥੧੨॥੯੮॥

ਐਗਜ਼ੀਮਾ ਦਾ ਮਰੀਜ਼ ਵਿਧੀ ਪੂਰਬਕ ੧੦੮ ਪਾਠ ੪੧ ਦਿਨ ਕਰੇ ਅਰ ਰੋਜ਼ ਅੰਮ੍ਰਿਤ ਪੀ ਲਵੇ। ਫੋੜੇ ਫਿਨਸੀਆਂ ਚਮੜੀ ਦਾ ਰੋਗ ਨਿਸਚੇ ਹੀ ਦੂਰ ਹੋਵੇ।

ਸ਼ਬਦ ਨੰਬਰ ੭੭ (ਪੰਨਾ ੮੧੯)

ਫੌਜੀਆਂ ਦੀ ਜੰਗ ਭੂਮੀ ਵਿਚ ਰਖਿਆ ਹੋਵੇ

ਬਿਲਾਵਲੁ ਮਹਲਾ ੫ ॥

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥ ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥੧॥ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥ ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥੧॥ ਰਹਾਉ ॥ ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ ॥ ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ ॥੨॥੧੫॥੭੯॥

੧੦੮ ਪਾਠ ੪੧ ਦਿਨ ਮਾਤਾ, ਭੈਣ ਜਾਂ ਪਤਨੀ ਦੇ ਕਰਨ ਨਾਲ ਫੌਜ ਵਿਚ ਗਏ ਪੁਤ੍ਰ ਵੀਰ ਜਾਂ ਪਤੀ ਦੀ ਰਖਿਆ ਹੋਵੇ।

ਸ਼ਬਦ ਨੰਬਰ ੮੨ (ਪੰਨਾ ੮੨੧)

ਤਪਦਿਕ ਰੋਗ ਹਟੇ

ਬਿਲਾਵਲੁ ਮਹਲਾ ੫ ॥

ਤਾਪੁ ਲਾਹਿਆ ਗੁਰ ਸਿਰਜਨਹਾਰਿ ॥ ਸਤਿਗੁਰ ਅਪਨੇ ਕਉ ਬਲਿ ਜਾਈ ਜਿਨਿ ਪੈਜ ਰਖੀ ਸਾਰੈ ਸੰਸਾਰਿ ॥੧॥ਰਹਾਉ॥ ਕਰੁ ਮਸਤਕਿ ਧਾਰਿ ਬਾਲਿਕ ਰਖਿ ਲੀਨੋ॥ਪ੍ਰਭਿ ਅੰਮ੍ਰਿਤ ਨਾਮੁ ਮਹਾ ਰਸੁ ਦੀਨੋ ॥ ੧ ॥ ਦਾਸ ਕੀ ਲਾਜ ਰਖੈ ਮਿਹਰਵਾਨੁ ॥ ਗੁਰ ਨਾਨਕੁ ਬੋਲੈ ਦਰਗਹ ਪਰਵਾਨੁ ॥੨॥੬॥੮੬॥

ਇਸ ਸ਼ਬਦ ਦੇ ੧੦੮ ਪਾਠ ੪੧ ਦਿਨ ਕਰਨ ਨਾਲ ਤਪਦਿਕ ਰੋਗ ਨਿਸਚੇ ਹਟੇ ਮਰੀਜ ਹਰ ਰੋਜ ਅੰਮ੍ਰਿਤ ਪੀਂਦਾ ਰਹੇ।

ਸ਼ਬਦ ਨੰਬਰ ੭੯ (ਪੰਨਾ ੮੦੯)

ਵਡਿਆ ਦਾ ਦਬਿਆ ਧਨ ਪ੍ਰਾਪਤ ਹੋਵੇ

ਬਿਲਾਵਲੁ ਮਹਲਾ ੫ ॥

ਰਾਖਹੁ ਆਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ॥ ਸੇਵਾ ਕਛੂ ਨ ਜਾਨਉ ਨੀਚੁ ਮੂਰਖਾਰੇ॥੧॥ ਮਾਨੁ ਕਰਉ ਤੁਧੁ ਊਪਰੈ ਮੇਰੇ ਪ੍ਰੀਤਮ ਪਿਆਰੇ ॥ ਹਮ ਅਪਰਾਧੀ ਸਦ ਭੂਲਤੇ ਤੁਮ ਬਖਸਨਹਾਰੇ ॥ ੧॥ਰਹਾਉ ॥ਹਮਅਵਗਨ ਕਰਹ ਅਸੰਗ ਨੀਤਿ ਤੁਮੇ ਨਿਰਗੁਨ ਦਾਤਾਰੇ ॥ ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ॥੨॥ ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥ ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ॥ ੩॥ ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ॥ ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ ॥੪॥੪॥੩੪॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਣ ਬਾਦ ਰੋਜ਼ ਆਪਣੇ ਮਕਾਨ ਦੀਆਂ ਚੌਹਾਂ ਨੁਕਰਾਂ ਵਿਚ ਅੰਮ੍ਰਿਤ ਜਲ ਛਿੜਕ ਦਿਓ। ਇਕ ਨੁਕਰ ਵਿਚੋਂ ਆਪਣੇ ਆਪ ਖੜਕਾਓ ਪੈਦਾ ਹੋਵੇ ਅਤੇ ਦਬਿਆ ਧੰਨ ਪ੍ਰਗਟ ਹੋਵੇ।

ਸ਼ਬਦ ਨੰਬਰ ੮੦ (ਪੰਨਾ ੮੦੯)

ਕਠਨ ਕੰਮ ਸੁਖੈਨ ਹੋ ਜਾਣ

ਬਿਲਾਵਲੁ ਮਹਲਾ ੫ ॥

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥ ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥੧॥ ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥੧॥ ਰਹਾਉ ॥ ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥ ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥ ੨ ॥ ਸਿੰਘ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥ ਸ੍ਰੰਮੁ ਕਰਤੇ ਦਮ ਆਢਕਉ ਤੇ ਗਨੀ ਧਨੀਤਾ ॥੩॥ ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ॥ ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ ॥੪॥੭॥੩੭॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਮੁਸ਼ਕਲ ਕੰਮ ਅਸਾਨ ਹੋਣ। ਇਸ ਸ਼ਬਦ ਨੂੰ ਲਿਖਕੇ ਬਟੂਏ ਵਿਚ ਪਾਈ ਰਖੋ।

ਸ਼ਬਦ ਨੰਬਰ ੮੧ (ਪੰਨਾ ੪੯੯)

ਪਰਿਵਾਰ ਦੀ ਬ੍ਰਿਧੀ ਹੋਵੇ

ਗੁਜਰੀ ਮਹਲਾ ੫ ॥

ਦੂਇ ਕਰ ਜੋੜਿ ਕਰੀ ਬੇਨੰਤੀ ਠਾਕੁਰੁ ਅਪਨਾ ਧਿਆਇਆ॥ਹਾਥ ਦੇਇ ਰਾਖੇ ਪਰਮੇਸਰਿ ਸਗਲਾ ਦੁਰਤੁ ਮਿਟਾਇਆ ॥੧॥ ਠਾਕੁਰ ਹੋਏ ਆਪਿ ਦਇਆਲ॥ਭਈ ਕਲਿਆਣ ਆਨੰਦ ਰੂਪ ਹੁਈ ਹੈ ਉਬਰੇ ਬਾਲ ਗੁਪਾਲ ॥੧॥ ਰਹਾਉ ॥ ਮਿਲਿ ਵਰ ਨਾਰੀ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ॥ਕਹੁ ਨਾਨਕ ਤਿਸੁ ਗੁਰ ਬਲਿਹਾਰੀ ਜਿਨਿ ਸਭ ਕਾ ਕੀਆ ਉਧਾਰੁ ॥੨॥੬॥੧੫॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਪਵਿਤਰ ਰਹਿ ਕੇ ਕਰਨ ਨਾਲ ਪੁਤਰ, ਪੋਤਰੇ, ਦੋਹਤਰਿਆਂ ਦਾ ਪਰਿਵਾਰ ਬਣੇ।

ਸ਼ਬਦ ਨੰਬਰ ੮੨ (ਪੰਨਾ ੫੦੦)

ਰਾਜ ਦਰਬਾਰੋਂ ਸਿਰੋਪਾਓ ਮਿਲੇ

ਗੁਜਰੀ ਮਹਲਾ ੫ ॥

ਅਪਜਸੁ ਮਿਟੈ ਹੋਵੈ ਜਗਿ ਕੀਰਤਿ ਦਰਗਹ ਬੈਸਣੁ ਪਾਈਐ॥ ਜਮਕੀਤ੍ਰਾਸ ਨਾਸ ਹੋਇ ਖਿਨ ਮਹਿ ਸੁਖ ਅਨਦ ਸੇਤੀ ਘਰ ਜਾਈਐ ॥੧॥ਜਾਤੇ ਘਾਲ ਨ ਬਿਰਥੀਜਾਈਐ॥ਆਠਪਹਰ ਸਿਮਰਹੁ ਪ੍ਰਭੂ ਅਪਨਾ ਮਨਿ ਤਨਿ ਸਦਾ ਧਿਆਈਐ॥੧॥ ਰਹਾਉ॥ ਮੋਹਿ ਸਰਨਿ ਦੀਨ ਦੁਖ ਭੰਜਨ ਤੂੰ ਦੇਹਿ ਸੋਈ ਪ੍ਰਭ ਪਾਈਐ ॥ ਚਰਣ ਕਮਲ ਨਾਨਕ ਰੰਗਿ ਰਾਤੇ ਹਰਿਦਾਸਹ ਪੈਜ ਰਖਾਈਐ ॥ ੨ ॥ ੧੩॥੨੩॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰੋ, ਰਾਜ ਦਰਬਾਰੋਂ ਸਿਰੋਪਾਓ ਪ੍ਰਾਪਤ ਹੋਵੇ ਤੇ ਖਿਤਾਬ ਮਿਲੇ ।

ਸ਼ਬਦ ਨੰਬਰ ੮੩ (ਪੰਨਾ ੮੪੫)

ਸੁਹਾਗਵੰਤੀ ਰਹੇ

ਬਿਲਾਵਲੁ ਮਹਲਾ ੫ ॥ ਛੰਤ

ਮੰਗਲ ਸਾਜੁ ਭਇਆ ਪ੍ਰਭੂ ਅਪੁਨਾ ਗਾਇਆ ਰਾਮ॥ਅਬਿਨਾਸੀਵਰੁਸੁਣਿਆ ਮਨਿ ਉਪਜਿਆ ਚਾਇਆ ਰਾਮ ॥ ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੈ ॥ ਸਹਜੇ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ ਮਤੇ ॥ ਦਿਨੁ ਰੈਣਿ ਠਾਢੀ ਕਰਉ ਸੇਵਾ ਪ੍ਰਭੂ ਕਵਨ ਜੁਗਤੀ ਪਾਇਆ॥ ਬਿਨਵੰਤਿਨਾਨਕਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ ॥ ੧ ॥

ਜੋ ਇਸਤ੍ਰੀ ਨੇਮ ਅਨੁਸਾਰ ੧੦੮ ਪਾਠ ੪੧ ਦਿਨ ਕਰ ਲਵੇ ਉਹ ਸੁਹਾਗਵੰਤੀ ਰਹੇਗੀ । ਉਸ ਦੇ ਪਤੀ ਦੀ ਮ੍ਰਿਤੂ ਉਸ ਦੇ ਜੀਉਂਦੇ ਜੀ ਨਹੀਂ ਹੋਵੇਗੀ ।

ਸ਼ਬਦ ਨੰਬਰ ੮੪ (ਪੰਨਾ ੮੫੮)

ਸੌਹਰੇ ਘਰੋਂ ਧਨ ਦੌਲਤ ਦੀ ਪ੍ਰਾਪਤੀ ਹੋਵੇ

ਬਿਲਾਵਲੁ ਬਾਣੀ ਰਵਿਦਾਸ ਭਗਤ ਕੀ ॥

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥੧॥ ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥੧॥ ਤੂੰ ਜਾਨਤ ਮੈ ਕਿਛੁ ਨਹੀਂ ਭਵਖੰਡਨ ਰਾਮ॥ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥੧॥ ਰਹਾਉ॥ਜੋਤੇਰੀ ਸਰਨਾਗਤੀ ਤਿਨ ਨਾਹੀ ਭਾਰੁ॥ਊਚਨੀਚ ਤੁਮਤੇ ਤਰੇ ਆਲਜੁ ਸੰਸਾਰੁ ॥੨॥ ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥ ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥ ੩ ॥ ੧ ॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਨੇਮ ਅਨੁਸਾਰ ਕਰਨ ਨਾਲ ਗੁਪਤ ਧਨ ਪ੍ਰਾਪਤ ਹੋਵੇ ਤਥਾ ਸੌਹਰਿਆਂ ਵਲੋਂ ਮਾਇਆ ਦੀ ਮਦਦ ਮਿਲੇ।

ਸ਼ਬਦ ਨੰਬਰ ੮੫ (ਪੰਨਾ ੮੨੯)

ਸਦੀਵੀ ਸੁਖ ਬਣਿਆ ਰਹੇ

ਬਿਲਾਵਲੁ ਮਹਲਾ ੫ ॥

ਆਗੈ ਪਾਛੈ ਕੁਸਲੁ ਭਇਆ ॥ ਗੁਰਿ ਪੂਰੈ ਪੂਰੀ ਸਭ ਰਾਖੀ ਪਾਰਬ੍ਰਹਮਿ ਪ੍ਰਭਿ ਕੀਨੀ ਮਇਆ ॥ ੧ ॥ ਰਹਾਉ॥ ਮਨਿ ਤਨਿ ਰਵਿ ਰਹਿਆ ਹਰਿ ਪ੍ਰੀਤਮੁ ਦੂਖ ਦਰਦ ਸਗਲਾ ਮਿਟਿ ਗਇਆ ॥ ਸਾਂਤਿ ਸਹਜਿ ਅਨਦ ਗੁਣ ਗਾਏ ਦੂਤ ਦੁਸਟ ਸਭਿ ਹੋਏ ਖਇਆ॥੧॥ ਗੁਨੁ ਅਵਗੁਨੁ ਪ੍ਰਭਿ ਕਛੁ ਨ ਬੀਚਾਰਿਓ ਕਰਿ ਕਿਰਪਾ ਅਪੁਨਾ ਕਰਿ ਲਇਆ ॥ ਅਤੁਲ ਬਡਾਈ ਅਚੁਤ ਅਬਿਨਾਸੀ ਨਾਨਕੁ ਉਚਰੈ ਹਰਿ ਕੀ ਜਇਆ॥੨॥੮॥੧੨੪॥

ਵਿਧੀ ਅਨੁਸਾਰ ੧੦੮ ਪਾਠ ੪੧ ਦਿਨ ਕਰੋ ਘਰ ਵਿਚ ਸੁਖ ਸਾਂਦ ਦੇਹ ਅਰੋਗਤਾ ਤੇ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਹੋਣ।

ਸ਼ਬਦ ਨੰਬਰ ੮੬ (ਪੰਨਾ ੮੩੦)

ਫਾਂਸੀ ਤੋਂ ਛੁਟਕਾਰਾ ਹੋਵੇ

ਬਿਲਾਵਲੁ ਮਹਲਾ ੯.॥

ੴ ਸਤਿਗੁਰ ਪ੍ਰਸਾਦਿ ॥

ਦੁਖ ਹਰਤਾ ਹਰਿ ਨਾਮੁ ਪਛਾਨੋ॥ ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤਿ ਭਏ ਜੀਅ ਜਾਨੋ ॥੧॥ ਰਹਾਉ॥ ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ ॥ ਨਾਰਦ ਕਹਤ ਸੁਨਤ ਧ੍ਰਅ ਬਾਰਿਕ ਭਜਨ ਮਾਹਿ ਲਪਟਾਨੋ ॥੧॥ ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ ॥ ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ ॥੨॥੧॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਫਾਂਸੀ ਦਾ ਹੁਕਮ ਹੋਇਆ ਟਲੇ ਤੇ ਰਹਿਮ ਦਾ ਆਰਡਰ ਜਾਰੀ ਹੋ ਜਾਵੇ।

ਸ਼ਬਦ ਨੰਬਰ ੮੮ (ਪੰਨਾ ੩੯੬)

ਪੁਤਰ ਉਤਪੰਨ ਹੋਵੇ

ਆਸਾ ਮਹਲਾ ੫ ॥

ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥ ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤ ਬਿਗਾਸੁ ॥੧॥ ਜੰਮਿਆ ਪੂਤੁ ਭਗਤੁ ਗੋਵਿੰਦ ਕਾ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ॥ ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥ ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥ ਵਧੀ ਵੇਲਿ ਬਹੁ ਪੀੜੀ ਚਾਲੀ॥ ਧਰਮ ਕਲਾ ਹਰਿ ਬੰਧਿ ਬਹਾਲੀ॥ ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥੩॥ ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥ ਗੁਝੀ ਛਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧।

ਨੇਮ ਅਨੁਸਾਰ ੧੦੮ ਪਾਠ ੪੧ ਦਿਨ ਕਰੋ। ਇਸ ਨਾਲ ਨਿਸਚੇ ਹੀ ਬਾਂਝ ਔਰਤ ਨੂੰ ਵੀ ਗਰਭ ਹੋਵੇ ਤੇ ਸ਼ੁਤੀਆ ਲੜਕਾ ਹੋਵੇ।

ਸ਼ਬਦ ਨੰਬਰ ੮੮ (ਪੰਨਾ ੪੯੯)

ਵੱਡੀ ਆਯੂ ਹੋਵੇ

ਗੁਜਰੀ ਮਹਲਾ ੫ ॥

ਜਿਸ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥ ਸੋ ਹਰਿ ਹਰਿ ਤੁਮ ਸਦ ਹੀ ਜਾਪਹੁ ਜਾਕਾ ਅੰਤੁ ਨਾ ਪਾਰੋ॥੧॥ਪੂਤਾ ਮਾਤਾ ਕੀ ਆਸੀਸ॥ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸੁ॥੧॥ਰਹਾਉ॥ਸਤਿਗੁਰੂ ਤੁਮ ਕਉ ਹੋਇ ਦਇਆਲਾ ਸੰਤਸੰਗਿ ਤੇਰੀ ਪ੍ਰੀਤਿ ॥ ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ॥੨॥ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥ ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ ॥੩॥ ਭਵਰੁ ਤੁਮਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ ॥ ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥੪॥੩॥੪॥

ਨੇਮ ਅਨੁਸਾਰ ੧੦੮ ਪਾਠ ੪੧ ਦਿਨ ਕਰੋ। ਇਸ ਨਾਲ ਬੱਚੇ ਦੀ ਦੀਰਘ ਆਯੂ ਹੋਵੇ। ਬੱਚਾ ਸੌ ਸਾਲ ਤਕ ਜੀਵੇ ।

ਸ਼ਬਦ ਨੰਬਰ ੮੨ (ਪੰਨਾ ੮੧੯)

ਸੰਕਲਪ ਤੇ ਵਿਕਲਪ ਦੂਰ ਹੋਣ

ਬਿਲਾਵਲੁ ਮਹਲਾ ੫ ॥

ਗੁਰੁ ਪੂਰਾ ਆਰਾਧਿਆ ਹੋਏ ਕਿਰਪਾਲ ॥ ਮਾਰਗੁ ਸੰਤ ਬਤਾਇਆ ਤੂਟੇ ਜਮ ਜਾਲ ॥੧ ॥ ਦੂਖ ਭੂਖ ਸੰਸਾ ਮਿਟਿਆ ਗਾਵਤ ਪ੍ਰਭ ਨਾਮ ॥ ਸਹਜ ਸੂਖ ਆਨੰਦ ਰਸ ਪੂਰਨ ਸਭਿ ਕਾਮ॥੧॥ ਰਹਾਉ ॥ ਜਲਨਿ ਬੁਝੀਸੀਤਲ ਭਏ ਰਾਖੈ ਪ੍ਰਭਿ ਆਪ ॥ ਨਾਨਕ ਪ੍ਰਭ ਸਰਣਾਗਤੀ ਜਾਕਾ ਵਡ ਪਰਤਾਪ ॥੨॥੧੧॥੭੫॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨਕਰਨ ਨਾਲ ਮਨ ਦੇ ਸੰਕਲਪ ਵਿਕਲਪ, ਉਤਰਾਉ ਚੜਾਉ ਸਭ ਖਤਮ ਹੋ ਜਾਣਗੇ ।

ਸ਼ਬਦ ਨੰਬਰ ੯੦ (ਪੰਨਾ ੮੧੯)

ਸਤਮਾਹਿਆਂ ਬੱਚਾ ਪ੍ਰਫੁਲਤ ਹੋਵੇ

ਬਿਲਾਵਲੁ ਮਹਲਾ ੫ ॥

ਰੋਗੁ ਮਿਟਾਇਆ ਆਪਿ ਪ੍ਰਭਿ ਉਪਜਿਆ ਸੁਖੁ ਸਾਂਤਿ ॥ ਵਡ ਪਰਤਾਪੁ ਅਚਰਜ ਰੂਪੁ ਹਰਿ ਕੀਨੀ ਦਾਤਿ ॥੧॥ ਗੁਰਿ ਗੋਵਿੰਦਿ ਕ੍ਰਿਪਾ ਕਰੀ ਰਖਿਆ ਮੇਰਾ ਭਾਈ॥ ਹਮ ਤਿਸਕੀ ਸਰਣਾਗਤੀ ਜੋ ਸਦਾ ਸਹਾਈ ॥੧॥ ਰਹਾਉ ॥ਬਿਰਥੀ ਕਦੇ ਨ ਹੋਵਈ ਜਨਕੀ ਅਰਦਾਸਿ॥ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥੨॥੧੩॥੭੭॥

ਇਸ ਸ਼ਬਦ ਦੇ ੧੦੮ ਪਾਠ ੪੧ ਦਿਨ ਕਰਨ ਨਾਲ ਸਤਮਾਹਿਆਂ ਬੱਚਾ ਹਰ ਦੁਖ ਰੋਗ ਤੋਂ ਬਚ ਕੇ ਫੁੱਲੇ ਤੇ ਜਵਾਨੀਆਂ ਮਾਣੇ।

ਸ਼ਬਦ ਨੰਬਰ ੯੧ (ਪੰਨਾ ੮੨੯)

ਪ੍ਰੀਤ ਤੋੜ ਨਿਭੇ, ਸਾਥੀ ਨਾਲ ਬਣ ਆਵੇ

ਬਿਲਾਵਲੁ ਮਹਲਾ ੫ ॥

ਮੂ ਲਾਲਨ ਸਿਉ ਪ੍ਰੀਤਿ ਬਨੀ ॥ ਰਹਾਉ ॥ ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥੧॥ ਦਿਨਸੁ ਰੈਨਿ ਮਨ ਮਾਹਿ ਬਸਤੁਹੈ ਤੂ ਕਰਿ ਕ੍ਰਿਰਪਾ ਪ੍ਰਭ ਅਪਨੀ ॥੨॥ ਬਲਿ ਬਲਿ ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾਕੀ ਬਾਤ ਸੁਨੀ ॥੩॥ ਜਨ ਨਾਨਕ ਦਾਸਨਿ ਦਾਸ ਕਹੀਅਤ ਹੈ ਮੋਹਿ ਕਰਹੁ ਕ੍ਰਿਪਾ ਠਾਕੁਰ ਅਪੁਨੀ ੪॥੨੮॥੧੧੪॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਪ੍ਰੀਤ ਵਿਚ ਵਿਘਨ ਪੈ ਜਾਵੇ ਤਾਂ ਇਸ ਸ਼ਬਦ ਨੂੰ ਡੋਲੇ ਨਾਲ ਬੰਨ੍ਹ ਰਖੋ। ੪੧ ਦਿਨਾਂ ਦੇ ਵਿਚ ਹੀ ਪ੍ਰੇਮ ਪਿਆਰ ਦਾ ਮਹਾਨ ਵਾਧਾ ਹੋਵੇ।

ਸ਼ਬਦ ਨੰਬਰ ੯੨ (ਪੰਨਾ ੮੨੮)

ਕਾਮ ਆਦਿ ਤੋਂ ਬਚਾਓ ਹੋਵੇ, ਮਨ ਸਥਿਰ ਹੋਵੇ

ਬਿਲਾਵਲੁ ਮਹਲਾ ੫ ॥

ਐਸੀ ਕਿਰਪਾ ਮੋਹਿ ਕਰਹੁ ॥ ਸੰਤਹ ਚਰਣ ਹਮਾਰੋ ਮਾਥਾ ਨੈਣ ਦਰਸੁ ਤਨਿ ਧੂਰਿ ਪਰਹੁ॥੧॥ ਰਹਾਉ॥ ਗੁਰ ਕੋ ਸਬਦੁ ਮੇਰੈ ਹੀਅਰੈ ਬਾਸੈ ਹਰਿ ਨਾਮਾ ਮਨ ਸੰਗ ਧਰਹੁ॥ ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ ॥੧॥ ਜੋ ਤੁਮ ਕਰਹੁ ਸੋਈ ਭਲ ਮਾਨੈ ਭਾਵਨੁ ਦੁਬਿਧਾ ਦੂਰ ਟਰਹੁ॥ ਨਾਨਕ ਕੇ ਪ੍ਰਭ ਤੁਮ ਹੀ ਦਾਤੇ ਸੰਤ ਸੰਗਿ ਲੈ ਮੋਹਿ ਉਧਰਹੁ ॥੨॥੩॥੧੧੯॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਕਾਮੀ ਮਨ ਨੂੰ ਸੰਸਾਰ ਦੀਆਂ ਫਿਟਕਾਰਾਂ ਤੋਂ ਬਚਾਓ ਹੋਵੇਗਾ ਤੇ ਮਨ ਪਰ ਕਾਬੂ ਹੋਵੇਗਾ।

ਸ਼ਬਦ ਨੰਬਰ ੮੧ (ਪੰਨਾ ੮੫੮)

ਪ੍ਰੀਤਮ ਦਾ ਮਨ ਜਿਤਿਆ ਜਾਵੇ

ਬਾਣੀ ਸਧਨੇ ਕੀ ਰਾਗੁ ਬਿਲਾਵਲੁ ॥

ੴ ਸਤਿਗੁਰ ਪ੍ਰਸਾਦਿ ॥

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥ ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥ ਤਵ ਗੁਨ ਕਹਾ ਜਗਤ ਗੁਰਾ ਜਉ ਕਰਮ ਨ ਨਾਸੈ ॥ ਸਿੰਘ ਸਰਨ ਕਤ ਜਾਣੀਐ ਜਿਉ ਜੰਬੁਕੁ ਗ੍ਰਾਸੈ ॥੧॥ਰਹਾਉ॥ ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥ ਪ੍ਰਾਨ ਗਏ ਸਾਗਰ ਮਿਲੈ ਫੁਨਿ ਕਾਮਿ ਨ ਆਵੈ ॥੨॥ ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ॥ ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥ ੩ ॥ ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥ ਅਉਸਰ ਲਜਾ ਰਾਖਿ ਲੇਹੁ ਸਧਨਾ ਜਨ ਤੋਰਾ ॥੪॥੧॥

ਨੇਮ ਅਨੁਸਾਰ ੧੦੮ ਪਾਠ ੪੧ ਦਿਨ ਕਰਨ ਨਾਲ ਕਠੋਰ ਚਿਤ ਪ੍ਰੀਤਮ ਦਾ ਹਿਰਦਾ ਜਿਤਿਆ ਜਾਵੇਗਾ । ਜਿਸਨੂੰ ਵਸ ਕਰਨਾ ਹੋਵੇ ਉਸਦਾ ਫੋਟੋ ਸਾਹਮਣੇ ਰਖਕੇ ਪਾਠ ਕਰੋ ।

ਸ਼ਬਦ ਨੰਬਰ ੯੪ (ਪੰਨਾ ੮੬੫)

ਭਰਾਵਾਂ ਭਰਾਵਾਂ ਦੇ ਝਗੜੇ ਖਤਮ ਹੋਣ

ਗੋਂਡ ਮਹਲਾ ੫ ॥

ਕਲਿ ਕਲੇਸ ਮਿਟੈ ਹਰਿਨਾਇ॥ ਦੁਖਬਿਨਸੇ ਸੁਖ ਕੀਨੋ ਠਾਉ ॥ ਜਪਿ ਜਪਿ ਅੰਮ੍ਰਿਤ ਨਾਮੁ ਅਘਾਏ॥ ਸੰਤ ਪ੍ਰਸਾਦਿ ਸਗਲ ਫਲ ਪਾਏ ॥੧॥ ਰਾਮ ਜਪਤ ਜਨ ਪਾਰਿ ਪਰੇ ॥ ਜਨਮ ਜਨਮ ਕੇ ਪਾਪ ਹਰੇ ॥ ੧ ॥ ਰਹਾਉ॥ ਗੁਰ ਕੇ ਚਰਨ ਰਿਦੈ ਉਰਿਧਾਰੇ॥ ਅਗਨਿ ਸਾਗਰ ਤੇ ਉਤਰੇ ਪਾਰੇ॥ ਜਨਮ ਮਰਣ ਸਭ ਮਿਟੀ ਉਪਾਧਿ ॥ ਪ੍ਰਭ ਸਿਉ ਲਾਗੀ ਸਹਜਿ ਸਮਾਧਿ ॥੨॥ ਥਾਨਥਨੰਤਰਿਏਕੋ ਸੁਆਮੀ ॥ ਸਗਲ ਘਟਾਕਾ ਅੰਤਰਜਾਮੀ ॥ਕਰਿ ਕਿਰਪਾ ਜਾ ਕਉ ਮਤਿਦੇਇ॥ ਆਠ ਪਹਰ ਪ੍ਰਭ ਕਾ ਨਾਉ ਲੇਇ ॥੩॥ ਜਾਕੈ ਅੰਤਰਿ ਵਸਹਿ ਪ੍ਰਭ ਆਪਿ॥ ਤਾਕੈ ਹਿਰਦੈ ਹੋਇ ਪ੍ਰਗਾਸੁ ॥ ਭਗਤਿ ਭਾਇ ਹਰਿ ਕੀਰਤਨੁ ਕਰੀਐ ॥ ਜਪਿ ਪਾਰਬ੍ਰਹਮੁ ਨਾਨਕ ਨਿਸਤਰੀਐ ॥੪॥੧੦॥੧੨॥

ਨੇਮ ਅਨੁਸਾਰ ੧੦੮ ਪਾਠ ੪੧ ਦਿਨ ਕਰਨ ਨਾਲ ਭਰਾਵਾਂ ਭਰਾਵਾਂ ਦੇ ਜ਼ਮੀਨ ਦੌਲਤ ਦੇ ਸਾਰੇ ਝਗੜੇ ਮਿਟ ਜਾਣ ਇਹ ਸਾਧਨ ਘਰ ਦੇ ਬਜ਼ੁਰਗ ਕਰਨ।

ਸ਼ਬਦ ਨੰਬਰ ੯੫ (ਪੰਨਾ ੮੨੫)

ਦੁਸ਼ਮਨ ਦਾ ਵਾਰ ਖਾਲੀ ਜਾਵੇ

ਬਿਲਾਵਲੁ ਮਹਲਾ ੫ ॥

ਸੁਲਹੀ ਤੇ ਨਾਰਾਇਣ ਰਾਖੁ ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈਸੁਲਹੀ ਹੋਇ ਮੂਆਨਾਪਾਕੁ ॥੧॥ ਰਹਾਉ ॥ ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥ ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥ ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ॥ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥
੨॥੧੮॥੧੦੪॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰ ਲੈਣ ਨਾਲ ਦੂਤ ਦੁਸ਼ਮਨ ਦੀ ਤਾਕਤ ਘਟੇ ਅਤੇ ਉਸਦੇ ਵੈਰ ਵਿਰੋਧ ਵਾਲੇ ਕੰਮ ਨਿਸਫਲ ਜਾਣ।

ਸ਼ਬਦ ਨੰਬਰ ੯੬ (ਪੰਨਾ ੮੨੭)

ਮਾਣ ਪ੍ਰਤਿਸ਼ਟਤਾ ਵਿਚ ਵਾਧਾ ਹੋਵੇ

ਬਿਲਾਵਲੁ ਮਹਲਾ ੫ ॥

ਰਾਖਿ ਲਏ ਸਤਿਗੁਰ ਕੀ ਸਰਣ ॥ ਜੈ ਜੈ ਕਾਰੁ ਹੋਆ ਜਗ ਅੰਤਰਿ ਪਾਰਬ੍ਰਹਮੁ ਮੇਰੋ ਤਾਰਣ ਤਰਣ ॥੧॥ ਰਹਾਉ ॥ ਬਿਸ੍ੰਭਰ ਪੂਰਨ ਸੁਖਦਾਤਾ ਸਗਲ ਸਮਗ੍ਰੀ ਪੋਖਣ ਭਰਣ ॥ ਥਾਨ ਥਾਨੰਤਰਿ ਸਰਬ ਨਿਰੰਤਰਿ ਬਲਿ ਬਲਿ ਜਾਂਈ ਹਰਿ ਕੇ ਚਰਣ ॥ ੧ ॥ ਜੀਅ ਜੁਗਤਿ ਵਸਿ ਮੇਰੇ ਸੁਆਮੀ ਸਰਬ ਸਿਧਿ ਕਾਰਣ ਕਰਣ ॥ ਆਦਿ ਜੁਗਾਦਿ ਪ੍ਰਭੁ ਰਖਦਾ ਆਇਆ ਹਰਿ ਸਿਮਰਤ ਨਾਨਕ ਨਹੀ ਡਰਣ ॥੨॥੩੦ ॥੧੧੬॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਸੁਸਾਇਟੀਆਂ ਤੇ ਅੰਗਾਂ ਸਾਕਾਂ ਵਿਚ ਮਾਣ ਪਤਿਟਸ਼ਤਾ ਵਿਚ ਵਾਧਾ ਹੋਵੇ।

ਸ਼ਬਦ ਨੰਬਰ ੯੭ (ਪੰਨਾ ੮੬੬)

ਪੁਤਰ ਦੀ ਰਖਿਆ ਹੋਵੇ

ਗੋਂਡ ਮਹਲਾ ੫ ॥

ਕਰਿ ਕਿਰਪਾ ਸੁਖ ਅਨਦ ਕਰੇਇ ॥ ਬਾਲਕ ਰਾਖਿ ਲੀਏ ਗੁਰਦੇਵਿ॥ ਪ੍ਰਭ ਕਿਰਪਾਲ ਦਇਆਲ ਗੋਬਿੰਦ॥ ਜੀਅ ਜੰਤ ਸਗਲੇ ਬਖਸਿੰਦ ॥੧॥ ਤੇਰੀ ਸਰਣਿ ਪ੍ਰਭ ਦੀਨ ਦਇਆਲ॥ ਪਾਰਬ੍ਰਹਮ ਜਪਿ ਸਦਾ ਨਿਹਾਲ ॥ ੧ ॥ ਰਹਾਉ ॥ ਪ੍ਰਭ ਦਇਆਲ ਦੂਸਰ ਕੋਈ ਨਾਹੀ॥ ਘਟ ਘਟ ਅੰਤਰਿ ਸਰਬ ਸਮਾਹੀ॥ ਅਪਨੇ ਦਾਸ ਕਾ ਹਲਤੁ ਪਲਤੁ ਸਵਾਰਿ॥ ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਹਾਰੈ॥੨॥ ਅਉਖਧ ਕੋਟਿ ਸਿਮਰਿ ਗੋਬਿੰਦ॥ ਤੰਤੁ ਮੰਤੁ ਭਜੀਐ ਭਗਵੰਤ॥ ਰੋਗ ਸੋਗ ਮਿਟੈ ਪ੍ਰਭ ਧਿਆਏ ॥ ਮਨ ਬਾਂਛਤ ਪੂਰਨ ਫਲ ਪਾਏ ॥ ੩ ॥ ਕਰਨ ਕਾਰਨ ਸਮਰਥ ਦਇਆਰ ॥ ਸਰਬ ਨਿਧਾਨ ਮਹਾ ਬੀਚਾਰ ॥ ਨਾਨਕ ਬਖਸਿ ਲੀਏ ਪ੍ਰਭਿ ਆਪਿ॥ ਸਦਾ ਸਦਾ ਏਕੋ ਹਰਿ ਜਾਪਿ॥੪॥੧੩॥੧੫॥

ਇਸ ਸ਼ਬਦ ਦੇ ੧੦੮ ਪਾਠ ੪੧ ਦਿਨ ਕਰਨ ਨਾਲ ਪ੍ਰਦੇਸ਼ ਵਿਚ ਗਏ ਪੁਤਰ ਦਾ ਵਾਲ ਵਿੰਗਾ ਨਾ ਹੋਵੇ, ਮਾਤਾ ਜਾਂ ਪਿਤਾ ਪਾਠ ਕਰੇ।

ਸ਼ਬਦ ਨੰਬਰ ੯੮ (ਪੰਨਾ ੮੬੭)

ਦੌਲਤ ਦੀ ਰਖਿਆ ਵਾਸਤੇ

ਗੋਂਡ ਮਹਲਾ ੫ ॥

ਸੰਤ ਕਾ ਲੀਆ ਧਰਤਿ ਬਿਦਾਰਉ ॥ ਸੰਤ ਕਾ ਨਿੰਦਕੁ ਅਕਾਸ ਤੇ ਟਾਰਉ ॥ ਸੰਤ ਕਉ ਰਾਖਉ ਅਪਨੇ ਜੀਅ ਨਾਲਿ ॥ ਸੰਤ ਉਧਾਰਉ ਤਤਖਿਣ ਤਾਲਿ ॥ ੧ ॥ ਸੋਈ ਸੰਤ ਜਿ ਭਾਵੈ ਰਾਮ ॥ ਸੰਤ ਗੋਬਿੰਦ ਕੈ ਏਕੈ ਕਾਮ॥੧॥ਰਹਾਉ॥ਸੰਤ ਕੈ ਊਪਰਿ ਦੇਇ ਪ੍ਰਭੁ ਹਾਥ॥ਸੰਤ ਕੈ ਸੰਗਿ ਬਸੈ ਦਿਨੁ ਰਾਤਿ॥ ਸਾਸਿ ਸਾਸਿ ਸੰਤਹ ਪ੍ਰਤਿਪਾਲ ॥ ਸੰਤ ਕਾ ਦੋਖੀ ਰਾਜ ਤੇ ਟਾਲਿ ॥੨॥ ਸੰਤ ਕੀ ਨਿੰਦਾ ਕਰਹੁ ਨ ਕੋਇ ॥ ਜੋ ਨਿੰਦੈ ਤਿਸ ਕਾ ਪਤਨੁ ਹੋਇ ॥ ਜਿਸ ਕਉ ਰਾਖੈ ਸਿਰਜਨਹਾਰ ॥ ਝਖ ਮਾਰਉ ਸਗਲ ਸਗਲ ਸੰਸਾਰੁ ॥ ੩ ॥ ਪ੍ਰਭ ਅਪਨੇ ਕਾ ਭਇਆ ਬਿਸਾਸੁ॥ਜੀਉ ਪਿੰਡੁ ਸਭੁ ਤਿਸਕੀ ਰਾਸਿ॥ਨਾਨਕ ਕਉ ਉਪਜੀਪਰ-ਤੀਤਿ ॥ ਮਨਮੁਖ ਹਾਰ ਗੁਰਮੁਖ ਸਦ ਜੀਤਿ ॥੪॥੧੬॥੧੮॥

ਵਿਧੀ ਅਨੁਸਾਰ ੧੦੮ ਪਾਠ ੪੧ ਦਿਨ ਕਰੋ, ਤੁਹਾਡੀ ਦੌਲਤ ਨੂੰ ਕੋਈ ਨਾ ਚੁਰਾਵੇ, ਨਾ ਮਾਰੇ, ਤੁਹਾਡੀ ਮਾਇਆ ਜਿਸ ਵਲ ਜਾਵੇ ਉਥੋਂ ਸਵਾਈ ਹੋਕੇ ਆਵੇਗੀ ।

ਸ਼ਬਦ ਨੰਬਰ ੯੯ (ਪੰਨਾ ੩੯੪)

ਪਤੀ ਵਸ ਹੋਵੇ

ਆਸਾ ਮਹਲਾ ੫ ॥

ਮੀਠੀ ਆਗਿਆ ਪਿਰ ਕੀ ਲਾਗੀ॥ ਸਉਕਨਿ ਘਰ ਕੀ ਕੰਤਿ ਤਿਆਗੀ ॥ ਪ੍ਰਿਅ ਸੋਹਾਗਨਿ ਸੀਗਾਰਿ ਕਰੀ॥ ਮਨ ਮੇਰੇ ਕੀ ਤਪਤਿ ਹਰੀ॥੧॥ ਭਲੋ ਭਇਓ ਪ੍ਰਿਅ ਕਹਿਆ ਮਾਨਿਆ ॥ ਸੂਖੁ ਸਹਜੁ ਇਸ ਘਰ ਕਾ ਜਾਨਿਆ ॥ ਰਹਾਉ ॥ ਹਉ ਬੰਦੀ ਪ੍ਰਿਅ ਖਿਜ ਮਤਦਾਰ ॥ ਓਹੁ ਅਬਿਨਾਸੀ ਅਗਮ ਅਪਾਰ ॥ ਲੇ ਪਖਾ ਪ੍ਰਿਅ ਝਲਉ ਪਾਏ ॥ ਭਾਗਿ ਗਏ ਪੰਚ ਦੂਤ ਲਾਵੇ॥੨॥ਨਾ ਮੈ ਕੁਲੁ ਨਾ ਸੋਭਾਵੰਤ॥ ਕਿਆ ਜਾਨਾ ਕਿਉ ਭਾਨੀ ਕੰਤ ॥ ਮੋਹਿ ਅਨਾਥ ਗਰੀਬ ਨਿਮਾਨੀ ॥ ਕੰਤ ਪਕਰਿ ਹਮ ਕੀਨੀ ਰਾਨੀ ॥੩॥ ਜਬ ਮੁਖਿ ਪ੍ਰੀਤਮ ਸਾਜਨੁ ਲਾਗਾ ॥ ਸੂਖ ਸਹਜ ਮੇਰਾ ਧਨੁ ਸੋਹਾਗਾ ॥ ਕਹੁ ਨਾਨਕ ਮੋਰੀ ਪੂਰਨ ਆਸਾ ॥ ਸਤਿਗੁਰ ਮੇਲੀ ਪ੍ਰਭ ਗੁਣਤਾਸਾ ॥੪॥੧॥੯੫॥

ਜੇ ਪਤੀ ਕਿਧਰੇ ਬਾਹਰ ਨਜ਼ਰ ਰਖਦਾ ਹੋਵੇ ਤਾਂ ਇਸ ਸ਼ਬਦ ਦੇ ੧੦੮ ਪਾਠ ੪੧ ਦਿਨ ਕਰਨ ਨਾਲ ਓਹੋ ਪਤੀ ਪੈਰ ਧੋ ਧੋ ਕੇ ਪੀਵੇਗਾ ।

ਸ਼ਬਦ ਨੰਬਰ੧੦੦ (ਪੰਨਾ ੩੯੪)

ਕੁਲਹਿਣੀ ਇਸਤ੍ਰੀ ਤੋਂ ਛੁਟਕਾਰਾ ਹੋਵੇ

ਆਸਾ ਮਹਲਾ ੫ ॥

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥ ਬੋਲੈ ਕਉੜਾ ਜਿਹਬਾਕੀਫੂੜਿ॥ਸਦਾਭੂਖੀ ਪਿਰੁਜਾਨੈਦੂਰਿ ॥੧॥ ਐਸੀ ਇਸਤ੍ਰੀ ਇਕ ਰਾਮਿ ਉਪਾਈ॥ ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ ॥ਰਹਾਉ॥ ਪਾਇ ਠਗਉਲੀ ਸਭ ਜਗੁ ਜੋਹਿਆ ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥ ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥੨॥ ਵਰਤ ਨੇਮ ਕਰਿ ਥਾਕੇ ਪੁਨਹਚਰਨਾ॥ਤਟਤੀਰਥਭਵੇ ਸਭ ਧਰਨਾ॥ ਸੇ ਉਬਰੇ ਜਿ ਸਤਿਗੁਰ ਕੀ ਸਰਨਾ॥੩॥ਮਾਇਆ ਮੋਹਿ ਸਭੋ ਜਗੁ ਬਾਧਾ ॥ ਹਉਮੈ ਪਚੈ ਮਨਮੁਖ ਮੂਰਾਖਾ॥ ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥੪॥੨॥੬੬॥

ਨੇਮ ਅਨੁਸਾਰ ੧੦੮ ਪਾਠ ੪੧ ਦਿਨ ਕਰਕੇ ਭੋਗ ਪਾਕੇ ਫੁਲੀਆਂ ਪਤਾਸੇ ਕੰਜਕਾਂ ਨੂੰ ਦਿਓ, ਕੁਲਹਿਣੀ ਇਸਤ੍ਰੀ ਪਤੀ ਦੇ ਮਗਰ ਮਗਰ ਪਈ ਫਿਰੇਗੀ ।

ਸ਼ਬਦ ਨੰਬਰ ੧੦੧ (ਪੰਨਾ ੫੦੦)

ਤ੍ਰਿਦੋਖ ਤਾਪ ਹਟੇ

ਗੂਜਰੀ ਮਹਲਾ ੫ ॥

ਜਨ ਕੀ ਪੈਜ ਸਵਾਰੀ ਆਪਿ ॥ ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ ਉਤਰਿ ਗਇਓ ਸਭੁ ਤਾਪੁ ॥੧॥ ਰਹਾਉ॥ ਹਰਿ ਗੋਬਿੰਦ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ॥ ਮਿਟੀ ਬਿਆਧਿ ਸਰਬ ਸੁਖ ਹੋਏ ਹਰਿਗੁਣ ਸਦਾ ਬੀਚਾਰਿ॥੧॥ਅੰਗੀਕਾਰੁ ਕੀਓ ਮੇਰੈ ਕਰਤੇ ਗੁਰ ਪੂਰੇ ਕੀ ਵਡਿਆਈ ॥ ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ ॥੨॥੧੫॥੨੪॥

ਵਿਧੀ ਅਨੁਸਾਰ ੧੦੮ ਪਾਠ ੪੧ ਦਿਨ ਕੀਤਾ ਹੋਇਆ ਅਧਿਆਤਮਕ, ਅਧਿਭੂਤਕ ਤੇ ਅਧਿਵੇਦਕ ਤਿੰਨੋਂ ਪ੍ਰਕਾਰ ਤਾਪਾਂ ਦੀ ਨਵਿਰਤੀ ਕਰੇ ।

ਸ਼ਬਦ ਨੰਬਰ ੬੦ (ਪੰਨਾ ੫੩੧)

ਚਾਰ ਪਦਾਰਥ ਦੀ ਪ੍ਰਾਪਤੀ ਹੋਵੇ

ਦੇਵਗੰਧਾਰੀ ਮਹਲਾ ੫ ॥

ਅਪੁਨੇ ਹਰਿ ਪਹਿ ਬਿਨਤੀ ਕਹੀਐ ॥ ਚਾਰਿ ਪਦਾਰਥ ਅਨੰਦ ਮੰਗਲ ਨਿਧਿ ਸੂਖ ਸਹਜ ਸਿਧਿ ਲਹੀਐ ॥੧॥ਰਹਾਉ॥ਮਾਨੁ ਤਿਆਗਿ ਹਰਿਚਰਨੀ ਲਾਗਉ ਤਿਸੁ ਪ੍ਰਭੁ ਅੰਚਲੁ ਗਹੀਐ ॥ ਆਂਚ ਨ ਲਾਗੈ ਅਗਨਿ ਸਾਗਰ ਤੇ ਸਰਨਿ ਸੁਆਮੀ ਕੀ ਅਹੀਐ ॥੧॥ ਕੋਟਿ ਪਰਾਧ ਮਹਾ ਅਕ੍ਰਿਤਘਨ ਬਹੁਰਿ ਬਹੁਰਿ ਪ੍ਰਭ ਸਹੀਐ ॥ ਕਰੁਣਾਮੈਪੂਰਨ ਪਰਮੇਸੁਰ ਨਾਨਕ ਤਿਸੁ ਸਰਨਹੀਐ ॥੨॥੧੭॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਪਵਿਤ੍ਰ ਰਹਿ ਕੇ ਕਰਨ ਨਾਲ ਧਰਮ ਅਰਥ, ਕਾਮ, ਮੋਖ, ਚਾਰੇ ਪਦਾਰਥ ਪ੍ਰਾਪਤ ਹੋਣਗੇ।

ਸ਼ਬਦ ਨੰਬਰ ੬੪ (ਪੰਨਾ ੧੩੫੯)

ਮਾਨਸਿਕ ਰੋਗ (ਪਾਗਲਪਨ) ਹਟੇ

ਸਿਰ ਮਸਤਕ ਰਖ੍ਯਾ ਪਾਰਬ੍ਰਹਮੰ ਹਸਤ ਕਾਯਾ ਰਖ੍ਯਾ ਪਰਮੇਸ੍ਵਰਹ॥ ਆਤਮ ਰਖ੍ਯਾ ਗੋਪਾਲ ਸੁਆਮੀ ਧਨ ਚਰਣ ਰਖ੍ਯਾ ਜਗਦੀਸ੍ਵਰਹ ॥ ਸਰਬ ਰਖ੍ਯਾ ਗੁਰ ਦਯਾਲਹ ਭੈ ਦੂਖ ਬਿਨਾਸਨਹ ॥ ਭਗਤਿ ਵਛਲ ਅਨਾਥ ਨਾਥੇ ਸਰਣਿ ਨਾਨਕ ਪੁਰਖ ਅਚੁਤਹ ॥੫੨॥

ਇਸ ਸ਼ਬਦ ਦੇ ੧੦੮ ਪਾਠ ੪੧ ਦਿਨ ਮਰਯਾਦਾ ਸਹਿਤ ਕਰ ਲਵੋ । ਇਸ ਦਾ ਫਲ ਮਾਨਸਕ ਰੋਗ (ਪਾਗਲਪਨ) ਹਟੇ ਅਰ ਦਿਮਾਗ ਦੀ ਦਸ਼ਾ ਬਿਲਕੁਲ ਸੁਧਰ ਜਾਵੇ। ਮਰੀਜ਼ ਦੀ ਪਤਨੀ ਤਥਾ ਮਾਤਾ ਪਿਤਾ ਕਰੇ ਅਤੇ ਰੋਜ਼ ਅੰਮ੍ਰਿਤ ਪਿਲਾਵੇ।

ਸ਼ਬਦ ਨੰਬਰ ੧੦੪ (ਪੰਨਾ ੨੦੦)

ਮਾਤਾ ਸੀਤਲਾ ਨਵਿਰਤ ਹੋਵੇ

ਗਉੜੀ ਮਹਲਾ ੫ ॥

ਨੇਤ੍ਰ ਪਰਗਾਸੁ ਕੀਆ ਗੁਰਦੇਵ॥ ਭਰਮ ਗਏ ਪੂਰਨ ਭਈ ਸੇਵ ॥ ੧ ॥ ਰਹਾਉ ॥ ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥ ੧ ॥ ਨਾਨਕ ਨਾਮੁ ਜਪੈ ਸੋ ਜੀਵੈ ॥ ਸਾਧ ਸੰਗਿ ਹਰਿ ਅੰਮ੍ਰਿਤ ਪੀਵੈ ॥੨॥੧੦੩॥ ੧੭੨॥

ਮਾਤਾ ਦੀ ਮਹਾਨ ਅਸਾਧ ਬੀਮਾਰੀ ਵਾਸਤੇ ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰੋ ਅਤੇ ਬੀਮਾਰ ਨੂੰ ਹਰ ਰੋਜ ਪੰਜ ਲਾਚੀਆਂ ੧੦੮ ਵੇਰਾਂ ਸ਼ਬਦ ਦਾ ਮੰਤਰ ਕਰਕੇ ਦਿਓ। ਨਿਸਚੇ ਮਾਤਾ ਤੋਂ ਛੁਟਕਾਰਾ ਹੋਵੇ, ਸਰੀਰ ਤੇ ਕੋਈ ਦਾਗ ਨਾ ਪਵੇ।

ਸ਼ਬਦ ਨੰਬਰ੧੦੬ (ਪੰਨਾ ੮੦੪)

ਵਪਾਰ ਵਿਚ ਬਰਕਤ ਪਵੇ

ਬਿਲਾਵਲੁ ਮਹਲਾ ੫ ॥

ਗੁਰ ਕਾ ਸਬਦੁ ਰਿਦੇ ਮਹਿ ਚੀਨਾ ॥ ਸਗਲ ਮਨੋਰਥ ਪੂਰਨ ਆਸੀਨਾ ॥੧॥ਸੰਤ ਜਨਾ ਕਾ ਮੁਖੁ ਊਜਲੁ ਕੀਨਾ ॥ ਕਰਿ ਕਿਰਪਾ ਅਪੁਨਾ ਨਾਮੁ ਦੀਨਾ ॥ ੧ ॥ ਰਹਾਉ ॥ ਅੰਧ ਕੂਪ ਤੇ ਕਰੁ ਗਹਿ ਲੀਨਾ॥ਜੈ ਜੈਕਾਰੁ ਜਗਤਿ ਪ੍ਰਗਟੀਨਾ॥੨॥ ਨੀਚਾ ਤੇ ਊਚ ਊਨ ਪੂਰੀਨਾ॥ ਅੰਮ੍ਰਿਤ ਨਾਮੁ ਮਹਾ ਰਸੁ ਲੀਨਾ ॥ ੩॥ ਮਨ ਤਨ ਨਿਰਮਲ ਪਾਪ ਜਲਿ ਖੀਨਾ॥ਕਹੁ ਨਾਨਕ ਪ੍ਰਭ ਭਏ ਪ੍ਰਸੀਨਾ॥੪॥੭॥੧੨॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਤੋਂ ਬਾਦ ਵਪਾਰ ਅਰੰਭ ਕਰੋ, ਵਪਾਰ ਵਿਚ ਵਾਧਾ ਦਿਨ ਬ-ਦਿਨ ਪਵੇਗਾ।

ਸ਼ਬਦ ਨੰਬਰ ੯੭ (ਪੰਨਾ ੨੦੧)

ਪ੍ਰਮਾਤਮਾ ਦੀ ਅਪਾਰ ਕ੍ਰਿਪਾ ਹੋਵੇ

ਗਉੜੀ ਮਹਲਾ ੫ ॥

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥ ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥ ਰਹਾਉ ॥ ਦੁਸਟ ਦੂਤ ਪਰਮੇਸਰਿ ਮਾਰੇ ॥ ਜਨ ਕੀ ਪੈਜ ਰਖੀ ਕਰਤਾਰੇ ॥ ੧ ॥ ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ॥ਅੰਮ੍ਰਿਤਨਾਮ ਮਹਾ ਰਸ ਪੀਨੇ ॥੨॥ ਨਿਰਭਉ ਹੋਇ ਭਜਹੁ ਭਗਵਾਨ ॥ ਸਾਧ ਸੰਗਤਿ ਮਿਲਿ ਕੀਨੋ ਦਾਨੁ ॥ ੩ ॥ ਸਰਣਿ ਪਰੇ ਪ੍ਰਭ ਅੰਤਰਜਾਮੀ ॥ ਨਾਨਕ ਓਟ ਪਕਰੀ ਪ੍ਰਭ ਸੁਆਮੀ ॥੪॥੧੦੮॥

ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਪ੍ਰਮਾਤਮਾ ਦੀ ਅਪਾਰ ਕ੍ਰਿਪਾ ਹੋਵੇਗੀ ।

ਸ਼ਬਦ ਨੰਬਰ ੧੦੭ (ਪੰਨਾ ੧੯੨)

ਦੁਖਾਂ ਦਾ ਨਾਸ ਹੋਵੇ

ਗਉੜੀ ਮਹਲਾ ੫ ॥

ਜਿਸੁ ਸਿਮਰਤ ਦੂਖੁ ਸਭੁ ਜਾਇ ॥ ਨਾਮੁ ਰਤਨੁ ਵਸੈ ਮਨਿ ਆਇ ॥ ੧॥ ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥ ਸਾਧੂ ਜਨ ਰਾਮੁ ਰਸਨ ਵਖਾਣੀ॥੧॥ਰਹਾਉ॥ ਇਕਸੁ ਬਿਨੁ ਨਾਹੀ ਦੂਜਾ ਕੋਇ ॥ ਜਾ ਕੀ ਦ੍ਰਿਸਟਿ ਸਦਾ ਸੁਖੁ ਹੋਇ ॥੨॥ ਸਾਜਨੁ ਮੀਤੁ ਸਖਾ ਕਰਿ ਏਕੁ॥ ਹਰਿਹਰਿ ਅਖਰ ਮਨ ਮਹਿ ਲੇਖੁ ॥੬॥ ਰਵਿ ਰਹਿਆ ਸਰਬਤ ਸੁਆਮੀ॥ ਗੁਣ ਗਾਵੈ ਨਾਨਕ ਅੰਤਰਜਾਮੀ॥੪॥੬੨॥੧੩੧॥

ਇਸ ਸ਼ਬਦ ਦੇ ੧੦੮ ਪਾਠ ੪੧ ਦਿਨ ਕਰਨ ਨਾਲ ਸਭ ਦੁਖਾਂ ਨਾਸ ਹੋ ਜਾਵੇਗਾ ।

ਸ਼ਬਦ ਨੰਬਰ ੧੦੮ (ਪੰਨਾ ੮੦੫)

ਰਾਸ ਪੂੰਜੀ ਵਿਚ ਲਹਿਰ ਬਹਿਰ ਹੋਵੇ

ਬਿਲਾਵਲੁ ਮਹਲਾ ੫ ॥

ਸਗਲ ਮਨੋਰਥ ਪਾਈਅਹਿ ਮੀਤਾ ॥ ਚਰਨ ਕਮਲ ਸਿਉ ਲਾਈਐ ਚੀਤਾ ॥ ੧ ॥ ਹਉ ਬਲਿਹਾਰੀ ਜੋ ਪ੍ਰਭੂ ਧਿਆਵਤ ॥ ਜਲਨਿ ਬੁਝੈ ਹਰਿ ਹਰਿ ਗੁਨ ਗਾਵਤ ॥੧॥ ਰਹਾਉ ॥ ਸਫਲ ਜਨਮੁ ਹੋਵਤ ਵਡਭਾਗੀ ॥ ਸਾਧ ਸੰਗਿ ਰਾਮਹਿ ਲਿਵ ਲਾਗੀ ॥੨॥ ਮਤਿ ਪਤਿ ਧਨੁ ਸੁਖ ਸਹਜ ਅਨੰਦਾ ॥ਇਕਨਿਮਖ ਨ ਵਿਸਰਹੁ ਪਰਮਾਨੰਦਾ ॥੩॥ ਹਰਿ ਦਰਸਨ ਕੀ ਮਨਿ ਪਿਆਸ ਘਨੇਰੀ॥ ਭਨਤਿ ਨਾਨਕ ਸਰਣਿ ਪ੍ਰਭ ਤੇਰੀ ॥੪॥੮॥੧੩॥

ਨੇਮ ਅਨੁਸਾਰ ਇਸ ਸ਼ਬਦ ਦਾ ੧੦੮ ਪਾਠ ੪੧ ਦਿਨ ਕਰਨ ਨਾਲ ਤੁਹਾਡੀ ਰਾਸ ਪੂੰਜੀ ਵਿਚ ਵਾਧਾ ਹੋਵੇਗਾ ਤੇ ਲਹਿਰ ਬਹਿਰ ਹੋ ਜਾਵੇਗੀ ।